
50 ਏਕੜ
ਕਮਰੀਸੀਅਲ ਵਿਲੇਜ
ਛੇਤੀ ਆ ਰਿਹਾ ਹੈ
SOUTH POINT
A MASTER PLANNED COMMUNITY
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਦੋ ਰੋਜ਼ਾ ਨਾਟਕ ਮੇਲੇ ਦੌਰਾਨ, ਦੋ ਨਾਟਕਾਂ ਅਤੇ ਕੋਰੀਓ ਗਰਾਫੀ ਨੇ ਕੈਲਗਰੀ ਵਾਸੀਆਂ ਵਿੱਚ ਜਾਗਰੂਕਤਾ ਪੈਦਾ ਕੀਤੀ












ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਕਰਵਾਏ ਗਏ 12 ਵੇਂ ਸੋਹਣ ਮਾਨ ਯਾਦਗਾਰੀ ਮੇਲੇ ਨੇ ਇਸ ਵਾਰ ਹੋਰ ਬੁਲੰਦੀਆਂ ਛੋਹਣ ਦਾ ਨਿਰਾਲਾ ਯਤਨ ਕੀਤਾ ਗਿਆ। ਸਮੁੱਚਾ ਪ੍ਰੋਗਰਾਮ ਇੱਕ ਗੁੱਲਦੱਸਤੇ ਵਾਂਗ ਗੁੰਦਿਆ ਹੋਇਆ ਸੀ। ਹਰ ਸਾਲ ਵਾਂਗ ਇਸ ਵਾਰ ਦਾ ਮੇਲਾ ਹੱਸਣ, ਰੁਵਾਉਣ ਦੇ ਨਾਲ-ਨਾਲ ਕੁੱਝ ਸੁਨੇਹੇ ਸਪੱਸ਼ਟ ਰੂਪ ਵਿੱਚ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ। ਇਸ ਵਾਰ ਦੇ ਮੇਲੇ ਦੀ ਵਿੱਲਖਣਤਾ ਇਹ ਵੀ ਸੀ ਕਿ ਇਸ ਵਾਰ ਦਾ ਮੇਲਾ ਦੋ ਰੋਜਾ ਸੀ, ਲਗਾਤਾਰ ਕਈ ਸਾਲਾਂ ਤੋਂ ਇਹ ਮੇਲਾ ਹੋਣ ਕਰਕੇ ਦਰਸ਼ਕਾਂ ਵਿੱਚ ਇਸ ਪ੍ਰਤੀ ਬਹੁਤ ਭਾਰੀ ਉਤਸ਼ਾਹ ਹੋਣ ਕਰਕੇ ਲੋਕਾਂ ਨੂੰ ਟਿਕਟ ਨਾ ਮਿਲਣ ਕਾਰਣ ਨਿਰਾਸ਼ ਹੋ ਕੇ ਮੁੜਨਾ ਪੈਂਦਾ ਸੀ। ਇਸ ਕਾਰਣ ਕਰਕੇ ਮੇਲਾ ਦੋ ਦਿਨਾਂ ਦਾ ਕੀਤਾ ਗਿਆ ਸੀ। ਦਰਸ਼ਕਾਂ ਨੇ ਦੋਵੇਂ ਦਿਨ ਨੱਕੋ-ਨੱਕ ਹਾਲ ਭਰ ਕੇ ਪ੍ਰਬੰਧਕਾਂ ਨੂੰ ਦੱਸ ਦਿੱਤਾ ਕਿ ਅਸੀਂ ਕਿ ਅਸੀਂ ਨਸ਼ਿਆਂ ਦੀ ਲੋਰ ਵਿੱਚ ਲੱਚਰ ਗੀਤਾਂ ਤੇ ਝੂਮਣ ਵਾਲੇ ਲੋਕ ਨਹੀਂ ਹਾਂ। ਅਸੀਂ ਸਮਾਜ਼ ਦੇ ਸਰੋਕਾਰਾਂ ਦੀ ਬਾਂਹ ਫ਼ੜਨ ਵਾਲੇ ਲੋਕ ਹਾਂ। ਪ੍ਰੋਗਰਾਮ ਦੀ ਸੂਰੂਆਤ ਸੋਹਣ ਮਾਨ ਜੀ (ਬਾਨੀ ਪ੍ਰਧਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ) ਦੀ ਤਸਵੀਰ ਤੇ ਫੁੱਲ ਮਾਲਾਂਵਾਂ ਅਰਪਿਤ ਕਰਕੇ ਐਗਜੈਕਟਿਵ ਕਮੇਟੀ ਦੇ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਮਾਨ, ਜੀਤਇੰਦਰ ਪਾਲ, ਜਨਰਲ ਸਕੱਤਰ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਬੰਨਦੀਪ ਗਿੱਲ, ਪ੍ਰੋ।ਗੋਪਾਲ ਜੱਸਲ, ਨਵਕਿਰਨ ਢੁਡੀਕੇ, ਹਰੀਪਾਲ, ਸੁਖਵੀਰ ਗਰੇਵਾਲ, ਹਰਚਰਨ ਪਰਹਾਰ ਆਦਿ ਨੇ ਸ਼ਰਧਾਂਜਲੀ ਅਰਪਿਤ ਕੀਤੀ।

ਇਸ ਉਪਰੰਤ ਕੈਲਗਰੀ ਦੇ ਛੋਟੇ-ਛੋਟੇ 30 ਦੇ ਕਰੀਬ ਬੱਚਿਆਂ ਨੇ ਕੋਰੀਉਗ੍ਰਾਫੀ "ਸਖੀਏ ਸਹੇਲੀਏ" ਪੇਸ਼ ਕੀਤੀ, ਜਿਸ ਧੀਆਂ ਨੂੰ ਲੰਮੀਆਂ ਉਸਾਰੂ ਉਡਾਰੀਆਂ ਮਾਰਨ ਤੋਂ ਰੋਕਣ ਵਾਲੀ ਪਿਛਾਂਹ ਖਿੱਚੂ ਸੋਚ ਵਿਅੰਗ ਕਸਿਆ ਗਿਆ ਸੀ। ਇਸ ਉਪਰੰਤ ਨਾਟਕ "ਜਦੋਂ ਮੈਂ ਸਰਫ਼ ਇੱਕ ਔਰਤ ਹੁੰਦੀ ਹਾਂ", ਲੇਖਕ ਪ੍ਰੋ: ਪਾਲੀ ਭੁਪਿੰਦਰ ਦੀ ਰਚਨਾ, ਹਰਕੇਸ਼ ਚੌਧਰੀ ਜੀ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਗਿਆ। ਭਾਰਤ ਪਾਕ ਵੰਡ ਦੇ ਸਮੇਂ ਔਰਤਾਂ ਨੂੰ ਕਿਸ ਤਰ੍ਹਾਂ ਸੰਤਾਪ ਹੰਡਾਉਣਾ ਪਿਆ, ਦੋਨੋ ਪਾਸੇ ਬੇਪੱਤ ਹੋਣਾ ਪਿਆ ਸੀ। ਉਸ ਸਮੇਂ ਦੀ ਬੇਹੱਦ ਦਰਦ ਭਰੀ ਦਾਸਤਾਨ ਨੂੰ ਦਰਸ਼ਕ ਨੇ ਹਾਲ ਵਿੱਚ ਆਪਣੇ ਹੰਝੂਆਂ ਤੇ ਸੰਨਾਟੇ ਨਾਲ ਦੇਖਿਆ। ਇਸ ਨਾਟਕ ਵਿੱਚ ਹਰਪ੍ਰੀਤ ਕੌਰ, ਸੈਦਾਂ ਦੇ ਰੂਪ ਵਿੱਚ, ਹਰਕੇਸ਼ ਚੌਧਰੀ, ਰਾਜ ਦੇ ਰੂਪ ਵਿੱਚ, ਕਮਲਪ੍ਰੀਤ ਪੰਧੇਰ ਅੰਮ੍ਰਿਤ ਦੇ ਰੂਪ ਵਿੱਚ, ਅਮਰੀਤ ਗਿੱਲ ਰਾਣੋ ਦੇ ਰੂਪ ਵਿੱਚ, ਕਮਲ ਸਿੱਧੂ, ਬਲਜਿੰਦਰ ਢਿੱਲੋਂ, ਸੁਰਜੀਤ ਸਿੰਘ ਨੇ ਯਾਦਗਾਰੀ ਭੂਮਿਕਾ ਨਿਭਾਈ। ਮਿਊਜਕ ਤੇ ਰੁਪਿੰਦਰਪਾਲ ਪੰਧੇਰ, ਲਾਈਟਿੰਗ ਤੇ ਸਾਹਿਬ ਪੰਧੇਰ ਨੇ ਜਿੰਮੇਵਾਰੀ ਨਿਭਾਈ। ਸੈੱਟ ਦੀ ਜਿੰਮੇਵਾਰੀ ਜਸ਼ਨਪ੍ਰੀਤ ਗਿੱਲ, ਹਰਮਨ ਢੁੱਡੀਕੇ, ਹਰਮਨ ਸੇਖੋਂ, ਗੁਰਪਿਆਰ ਗਿੱਲ ਨੇ ਨਿਭਾਈ।

ਇਸ ਸਮਾਗਮ ਵਿੱਚ ਕੈਲਗਰੀ ਦੀਆਂ ਪੰਜਾਬੀ ਮੂਲ ਦੀਆਂ ਦੋ ਧੀਆਂ ਨੂੰ ਵੱਖੋ-ਵੱਖਰੇ ਖੇਤਰ ਵਿੱਚ ਮੱਲਾਂ ਮਾਰਨ ਲਈ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਜਸਲੀਨ ਸਿੱਧੂ, ਜਿਸ ਨੇ ਰੈਸਲਿੰਗ ਦੇ ਖੇਤਰ ਵਿੱਚ ਅਮਰੀਕਾ ਵਿਖੇ ਗੋਲਡ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਦੂਜੀ ਲੜਕੀ ਪ੍ਰਭਲੀਨ ਗਰੇਵਾਲ, ਜੋ ਕਿ ਪਹਿਲੀ ਪੰਜਾਬਣ ਹੈ, ਜਿਸਨੇ ਕਨੈਡਾ ਹਾਕੀ ਦੀ ਨੈਸ਼ਨਲ ਟੀਮ ਦੀ ਮੈਂਬਰ ਬਣ ਕੇ ਪੰਜਾਬੀਆਂ ਦੇ ਮਾਣ ਨੂੰ ਵਧਾਇਆ ਹੈ। ਇਹਨਾਂ ਦੋਨਾਂ ਲੜਕੀਆਂ 1000 (ਦੋਨਾਂ ਨੂੰ ਇੱਕ ਇੱਕ ਹਜਾਰ ਡਾਲਰ) ਡਾਲਰ, ਸਨਮਾਨ ਪੱਤਰ, ਸਨਮਾਨ ਚਿੰਨ੍ਹ ਦਿੱਤਾ ਗਿਆ। ਸਨਮਾਨ ਪੱਤਰ ਨਵਕਿਰਨ ਢੁੱਡੀਕੇ ਨੇ ਪੜ੍ਹਿਆ। ਇਸ ਤੋਂ ਲੋਕ ਕਲਾ ਮੰਚ (ਰਜਿ:)ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਨੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਸਾਮਰਾਜੀ ਸਾਜਿਸਾਂ ਦੇ ਸਿਰ ਤੇ ਕਾਰਪੋਰੇਟ ਕੁਲ ਦੁਨੀਆਂ ਨੂੰ ਲੁੱਟ ਰਹੇ ਨੇ, ਆਉ ਆਪਾਂ ਲੁੱਟੇ ਜਾਣ ਵਾਲੇ ਵੀ ਇੱਕ ਹੋ ਜਾਈਏ।

ਇਸ ਮੌਕੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹਰਕੇਸ਼ ਚੌਧਰੀ ਨੂੰ ਕਿਤਾਬਾਂ ਦਾ ਇੱਕ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਸ਼ਰਨ ਕਲਾ ਭਵਨ ਵਿਖੇ ਕੁਰਸੀਆਂ ਲਗਵਾਉਣ ਲਈ 1000 ਡਾਲਰ (ਇੱਕ ਹਜਾਰ) ਦੀ ਸਹਾਇਤਾ ਕੀਤੀ ਗਈ। ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਉਪਰੰਤ "ਸੁਪਨਿਆਂ ਦੀ ਧਰਤੀ ਹੋਈ ਅਲੂਣੀ" ਨਾਟਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਪੇਸ਼ ਕੀਤਾ ਗਿਆ। ਨਾਟਕ ਕਨੈਡਾ ਦੀ ਧਰਤੀ ਦੀਆਂ ਦੁਸ਼ਵਾਰੀਆਂ, ਦਿੱਕਤਾਂ ਪ੍ਰੇਸ਼ਾਨੀਆਂ, ਅਤੇ ਪ੍ਰਵਾਸ ਲਈ ਬੇਜੋੜ ਵਿਆਹਾਂ ਦੇ ਸੌਦੇਬਾਜ਼ੀਆਂ ਦੀਆਂ ਗੱਲਾਂ ਕਰਦਾ ਹਸਾ ਵੀ ਗਿਆ ਤੇ ਰੁਆ ਵੀ ਗਿਆ। ਸੰਦੀਪ ਗਿੱਲ, ਅਮਰੀਤ, ਕਮਲਪ੍ਰੀਤ, ਹਰਪ੍ਰੀਤ ਕੌਰ, ਕੁਲਦੀਪ ਸਿੰਘ, ਪਰਮਜੀਤ ਕੌਰ ਸਫ਼ਲ ਮਾਲਵਾ, ਬਲਜਿੰਦਰ ਢਿੱਲੋਂ ਆਦਿ ਦੀ ਸੁਭਾਵਿਕ ਅਦਾਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪਿੱਠ ਭੂਮੀ ਤੋਂ ਕੁਲਦੀਪ ਸਿੰਘ ਦੀ ਅਵਾਜ਼ ਨੇ ਨਾਟਕਾਂ ਦੇ ਵੇਗ ਨੂੰ ਹੋਰ ਤਿੱਖਾ ਕੀਤਾ। ਇਹ ਨਾਟਕ ਸਮੁੱਚੇ ਸਮਾਗਮ ਦਾ ਸਿਖ਼ਰ ਹੋ ਨਿਬੜਿਆ। ਇਸ ਮੌਕੇ ਤੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪਰਹਾਰ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਧਰਮਾਂ ਦੇ ਨਾਂ ਉੱਪਰ ਸਟੇਟ ਉਸਾਰਨ ਦਾ ਸੁਪਨਾ ਖਿਆਲੀ ਹੈ, ਆਉ ਬਾਬੇ ਨਾਨਕ ਦੀ ਸੋਚ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਇੱਕਠੇ ਹੋਈਏ। "ਕੁੜੀਏ ਚੀਕ ਚਿਹਾੜਾ ਪਾ" ਕੋਰੀ?ਗ੍ਰਾਫੀ ਨੇ ਦਰਸ਼ਕਾਂ ਨੂੰ ਜੋਸ਼ ਖਰੋਸ਼ ਨਾਲ ਭਰ ਦਿੱਤਾ। ਇਹ ਕੌਰੀ?ਗ੍ਰਾਫੀ ਖਾਸ ਕਰਕੇ ਭਾਰਤ ਦੇਸ਼ ਦੀਆਂ ਰੈਸਲਰ ਧੀਆਂ ਦੀ ਗੱਲ ਕਰਦੀ ਸੀ, ਉਂਝ ਸਮਾਜਿਕ ਕੁਰੀਤੀਆਂ ਦੀਆਂ ਚੱਕੀਆਂ ਵਿੱਚ ਪਿਸ ਰਹੀਆਂ ਸਮੁੱਚੀਆਂ ਔਰਤਾਂ ਦੀ ਗੱਲ ਕਰਦੀ ਸੀ। ਕੁੜੀਆਂ ਨੂੰ ਸੱਦਾਂ ਦਿੰਦੀ ਕਿ ਆ? ਆਪਣੇ ਹਿੱਸੇ ਦੀ ਧਰਤੀ ਤੇ ਅੰਬਰ ਲੈਣ ਲਈ ਚੀਕ ਚਿਹਾੜਾ ਪਾਈਏ। ਇਸ ਕੌਰੀ?ਗ੍ਰਾਫੀ ਦੀ ਡਿਜ਼ਾਇਨਿੰਗ ਹਰਕੇਸ਼ ਚੌਧਰੀ ਨੇ ਬੜੇ ਹੀ ਦੂਰ-ਅੰਦੇਸ਼ ਤਰੀਕੇ ਨਾਲ ਕੀਤੀ ਹੈ। ਪ੍ਰੋਗਰਾਮ ਦੇ ਅੰਤ ਤੇ ਮਾ:ਭਜਨ ਸਿੰਘ ਨੇ ਸਪਾਂਸਰਜ਼ ਵੀਰਾਂ ਦਾ ਵਿਸੇਸ਼ ਧੰਨਵਾਦ ਕੀਤਾ ਗਿਆ, ਜਿੰਨ੍ਹਾਂ ਦੀ ਆਰਥਿਕ ਸਹਾਇਤਾ ਬਿੰਨ੍ਹਾਂ ਅਜਿਹੇ ਪ੍ਰੋਗਰਾਮ ਸੰਭਵ ਨਹੀਂ।








# ਜਾਅਲੀ ਦਸਤਾਵੇਜ਼ਾਂ ਨਾਲ ਕਨੇਡਾ ਪੜ੍ਹਨ ਆਏ 700 ਵਿਦਿਆਰਥੀ ਹੁਣ ਵਾਪਿਸ ਭੇਜੇ ਜਾਣ ਤੋਂ ਬਚ ਸਕਦੇ ਹਨ

ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਤੋਂ ਡਿਪੋਰਟ ਹੋਣ ਦਾ ਸਾਹਮਣਾ ਕਰ ਰਹੇ 700 ਅੰਤਰਰਾਸ਼ਟਰੀ ਵਿਦਿਆਰਥੀ ਜਿੰਨਾ ਵਿੱਚ ਜ਼ਿਆਦਾਤਰ ਪੰਜਾਬੀ ਹਨ ਨੂੰ ਕੈਨੇਡਾ ਸਰਕਾਰ ਵੱਲੋਂ ਵੱਡੀ ਰਾਹਤ ਦੀ ਸੂਚਨਾ ਹੈ । ਕੈਨੇਡਾ ਸਰਕਾਰ ਅਨੁਸਾਰ ਫਿਲਹਾਲ ਇਨਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਡਿਪੋਰਟ ਨਹੀਂ ਕੀਤਾ ਜਾਵੇਗਾ ਤੇ ਇਕ ਟਾਸਕ ਫੋਰਸ ਹਰ ਕੇਸ ਦੀ ਜਾਂਚ ਕਰੇਗੀ। ਇਹ ਜਾਣਕਾਰੀ ਸਾਂਝੀ ਕਰਦਿਆਂ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸ਼ੌਨ ਫ੍ਰੇਜ਼ਰ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਕੇਸ ਜਾਇਜ਼ ਪਾਏ ਜਾਣਗੇ ਜਾਂ ਜਿਨ੍ਹਾਂ ਨੂੰ ਧੋਖਾਧੜੀ ਦਾ ਸ਼ਿਕਾਰ ਪਾਇਆ ਗਿਆ, ਉਨ੍ਹਾਂ ਨੂੰ ਕੈਨੇਡਾ 'ਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ, ਪਰ ਜਿਨ੍ਹਾਂ ਨੂੰ ਦੋਸ਼ੀ ਪਾਇਆ ਗਿਆ, ਯਾਨੀ ਜਿੰਨਾ ਨੇ ਜਾਣਬੁਝ ਕੇ ਕੈਨੇਡਾ 'ਚ ਦਾਖਲ ਹੋਣ ਲਈ ਜਾਅਲੀ ਦਸਤਾਵੇਜ਼ਾਂ ਦਾ ਇਸਤੇਮਾਲ ਕੀਤਾ ਉਨ੍ਹਾਂ ਖਿਲਾਫ਼ ਕੈਨੇਡਾ ਦੇ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇਗੀ ਤੇ ਉਨਾਂ ਨੂੰ ਡਿਪੋਰਟ ਕੀਤਾ ਜਾਵੇਗਾ ਵਰਨਣਯੋਗ ਹੈ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਕਰੀਬ 700 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਡਿਪੋਰਟੇਸ਼ਨ ਪੱਤਰ ਜਾਰੀ ਕੀਤੇ ਸਨ। ਇਨ੍ਹਾਂ 'ਚੋਂ ਜ਼ਿਆਦਾਤਰ ਪੰਜਾਬ ਦੇ ਹੀ ਸਨ। ਇਨ੍ਹਾਂ ਵਿਦਿਆਰਥੀਆਂ ਕੋਲ ਕੈਨੇਡਾ ਦੀਆਂ ਯੂਨੀਵਰਸਿਟੀਆਂ ਦੇ ਜਾਅਲੀ ਦਾਖ਼ਲਾ ਪੱਤਰ ਮਿਲੇ ਸਨ। ਇਹ ਮਾਮਲਾ ਕੈਨੇਡਾ ਦੀ ਸੰਸਦ 'ਚ ਵੀ ਉੱਠਿਆ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਦਾ ਧਿਆਨ ਦੋਸ਼ੀਆਂ ਦਾ ਪਤਾ ਕਰਨ 'ਤੇ ਹੋਵੇਗਾ, ਨਾ ਕਿ ਪੀੜਤਾਂ ਨੂੰ ਸਜ਼ਾ ਦੇਣ 'ਤੇ ਟਰੂਡੋ ਨੇ ਕਿਹਾ ਸੀ ਕਿ ਪੀੜਤਾਂ ਨੂੰ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰਨ ਦਾ ਮੌਕਾ ਦਿੱਤਾ ਜਾਵੇਗਾ।

# ਲੰਡਨ ਵਿਖੇ ਭਾਰਤੀ ਹਾਈ ਕਮਿਸ਼ਨ ਦੇ ਆਫਿਸ ਉੱਪਰ ਹਮਲਾ ਕਰਨ ਵਾਲਿਆਂ ਦੀ ਵੀਡੀਓ ਜਾਰੀ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਡਨ 'ਚ 19 ਮਾਰਚ 2023 ਨੂੰ ਭਾਰਤੀ ਹਾਈ ਕਮਿਸ਼ਨ ਦੇ ਆਫਿਸ 'ਤੇ ਹਮਲਾ ਕਰਨ ਵਾਲਿਆਂ ਦੀ ਭਾਲ ਤੇਜ਼ ਕਰ ਦਿੱਤੀ ਗਈ ਹੈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ 2 ਘੰਟੇ ਦੀ ਵੀਡੀ? ਫੁਟੇਜ ਜਾਰੀ ਕੀਤੀ ਹੈ। ਫੁਟੇਜ 'ਚ ਨਜ਼ਰ ਆਏ ਲੋਕਾਂ ਦੀ ਪਛਾਣ ਕਰਨ 'ਚ ਮਦਦ ਕਰਨ ਲਈ ਲੋਕਾਂ ਨੂੰ ਅਪੀਲ ਕੀਤੀ ਗਈ ਹੈ। ਇਸ ਹਮਲੇ ਦਾ ਦੋਸ਼ ਬਰਤਾਨੀਆ 'ਚ ਮੌਜੂਦ ਖਾਲਿਸਤਾਨ ਸਮਰਥਕਾਂ 'ਤੇ ਲਗਾਇਆ ਗਿਆ ਸੀ। ਹਮਲਾ ਕਰਨ ਵਾਲਿਆਂ ਨੇ ਹਾਈ ਕਮਿਸ਼ਨ 'ਤੇ ਲਗਾਏ ਗਏ ਰਾਸ਼ਟਰੀ ਝੰਡੇ ਤਿਰੰਗੇ ਨੂੰ ਵੀ ਉਤਾਰ ਦਿੱਤਾ ਸੀ। ਬਾਅਦ 'ਚ ਵਿਦੇਸ਼ ਮੰਤਰਾਲੇ ਨੇ ਗ੍ਰਹਿ ਮੰਤਰਾਲੇ ਤੋਂ ਜਾਂਚ 'ਚ ਮੱਦਦ ਮੰਗੀ ਸੀ। ਫਿਰ ਇਹ ਕੇਸ ਐਨ ਆਈ ਏ ਨੂੰ ਸੌਂਪ ਦਿੱਤਾ ਗਿਆ ਸੀ। ਜਾਰੀ ਵੀਡੀ? ਫੁਟੇਜ ਵਿੱਚ ਖਾਲਿਸਤਾਨੀ ਸਮਰਥਕ ਦਿਖਾਈ ਦੇ ਰਹੇ ਹਨ। ਇਹ ਫੁਟੇਜ ਦੂਤਾਵਾਸ ਦੇ ਅੰਦਰ ਅਤੇ ਆਲੇ-ਦੁਆਲੇ ਲੱਗੇ ਸਾਰੇ ਸੀਸੀਟੀਵੀ ਤੋਂ ਇਕੱਠੀ ਕੀਤੀ ਗਈ ਹੈ। ਕੁੱਲ 2 ਘੰਟੇ ਦੀ ਇਸ ਫੁਟੇਜ 'ਚ ਉਹ ਵਿਅਕਤੀ ਵੀ ਨਜ਼ਰ ਆ ਰਿਹਾ ਹੈ, ਜਿਸ ਨੇ ਹਾਈ ਕਮਿਸ਼ਨ 'ਤੇ ਝੰਡਾ ਉਤਾਰਨ ਦੀ ਕੋਸ਼ਿਸ਼ ਕੀਤੀ ਸੀ। ਦੋਸ਼ ਹੈ ਕਿ ਇਨ੍ਹਾਂ ਲੋਕਾਂ ਨੇ ਹਾਈ ਕਮਿਸ਼ਨ ਦੀ ਭੰਨਤੋੜ ਕਰਨ ਦੀ ਵੀ ਕੋਸ਼ਿਸ਼ ਕੀਤੀ। ਫੁਟੇਜ ਦੇ ਨਾਲ, ਜਾਂਚ ਏਜੰਸੀ ਨੇ ਇੱਕ ਵਟਸਐਪ ਨੰਬਰ (+91 7290009373) ਵੀ ਜਾਰੀ ਕੀਤਾ ਹੈ। ਇਸ ਦੇ ਨਾਲ ਜਾਰੀ ਬਿਆਨ 'ਚ ਜਾਂਚ ਏਜੰਸੀ ਨੇ ਕਿਹਾ- ਆਮ ਲੋਕਾਂ ਨੂੰ ਅਪੀਲ ਹੈ ਕਿ ਉਹ ਫੁਟੇਜ 'ਚ ਦਿਖਾਈ ਦੇਣ ਵਾਲੇ ਲੋਕਾਂ ਦੀ ਪਛਾਣ ਕਰਨ 'ਚ ਸਾਡੀ ਮਦਦ ਕਰਨ। ਮੱਦਦਗਾਰਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। 19 ਮਾਰਚ 2023 ਨੂੰ ਭਾਰਤੀ ਹਾਈ ਕਮਿਸ਼ਨ 'ਤੇ ਹੋਏ ਹਮਲੇ ਅਤੇ ਹੰਗਾਮੇ ਤੋਂ ਬਾਅਦ ਭਾਰਤ ਨੇ ਸਖ਼ਤ ਰੁਖ਼ ਅਪਣਾਇਆ ਸੀ। ਬਾਅਦ ਵਿੱਚ ਬ੍ਰਿਟਿਸ਼ ਪੁਲਿਸ ਨੇ ਇੱਕ ਦੋਸ਼ੀ ਨੂੰ ਵੀ ਗ੍ਰਿਫਤਾਰ ਕਰ ਲਿਆ ਸੀ।




























# ਇੱਕਾ ਵਾਲਿਆਂ ਦੀ ਮਹੀਨੇਵਾਰ ਮਿਲਣੀ ਦੌਰਾਨ ਮਾਂ ਅਤੇ ਵਿੱਛੜ ਗਏ ਮੈਂਬਰਾਂ ਨੂੰ ਚੇਤੇ ਕੀਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਵਿੱਚ ਮਨਾਇਆ ਪਿਛਲੇ ਸਮੇਂ ਦੌਰਾਨ ਸਭਾ ਦੇ ਵਿਛੜੇ ਹੋਏ ਚਾਰ ਮੈਂਬਰਾਂ ਨਾਜਰ ਸਿੰਘ, ਕੁੰਦਨ ਸਿੰਘ ਗਿੱਲ, ਕਰਤਾਰ ਸਿੰਘ ਬਰਾੜ, ਅਤੇ ਸ੍ਰੀਮਤੀ ਰਣਜੀਤ ਕੌਰ ਪ੍ਰੇਮੀ ਸਪੁਤਨੀ ਸ: ਸੇਵਾ ਸਿੰਘ) ਦੀ ਮੌਤ ਉੱਪਰ ਅਫਸੋਸ ਪ੍ਰਗਟ ਕੀਤਾ ਗਿਆ। ਮਾਹੌਲ ਨੂੰ ਬਦਲਦਿਆਂ ਸਭਾ ਦੇ ਪ੍ਰਧਾਨ ਸਰਦਾਰ ਸੇਵਾ ਸਿੰਘ ਪ੍ਰੇਮੀ ਨੇ ਮਾਂ ਦਿਵਸ ਦੀ ਗੱਲ ਕਰਦਿਆਂ ਕਿਹਾ ਕਿ

ਇੰਨੀਆਂ ਗੂੜ੍ਹੀਆਂ ਛਾਵਾਂ ਜੱਗ ਤੇ
ਲੱਭ ਦੀਆਂ ਨਹੀਂ
ਤੁਰ ਜਾਵਣ ਇੱਕ ਵਾਰ ਤੇ ਮਾਵਾਂ
ਲੱਭਦੀਆਂ ਨਹੀ



ਭਾਵੇਂ ਇਹ ਦਿਨ ਸਾਲ ਵਿੱਚ ਸਿਰਫ ਇੱਕ ਦਿਨ ਹੀ ਮਨਾਇਆ ਜਾਂਦਾ ਹੈ, ਪਰ ਮੈਂ ਸਮਝਦਾ ਹਾਂ ਕਿ ਮਾਂ ਦਾ ਦਿਨ ਤਾ ਹਰ ਰੋਜ ਹੀ ਮਨਾਇਆ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਮਾਂ ਦਿਵਸ ਬਾਰੇ ਬੋਲਦਿਆਂ ਸਰਦਾਰ ਹਰਚੰਦ ਸਿੰਘ, ਕੇਸਰ ਸਿੰਘ ਨੀਰ, ਜਗਦੀਸ਼ ਕੌਰ ਸਰੋਆ, ਬਲਵਿੰਦਰ ਸਿੰਘ ਵਿਰਦੀ, ਸਤਵਿੰਦਰ ਕੌਰ, ਗੁਰਦਿਆਲ ਸਿੰਘ ਖਹਿਰਾ, ਲਲਿਤਾ ਸਿੰਘ,ਅਤੇ ਚੰਦ ਸਿੰਘ ਸਦਿਉੜਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਆਪਣੀ ਪਤਨੀ ਦੇ ਵਿਛੋੜੇ ਸਬੰਧੀ ਸੰਸਥਾ ਦੇ ਪ੍ਰਧਾਨ ਸਰਦਾਰ ਸੇਵਾ ਸਿੰਘ ਪ੍ਰੇਮੀ ਨੇ ਪਤਨੀ ਦੇ ਵਿਯੋਗ ਵਿੱਚ ਜੋ ਕਵਿਤਾ ਲਿਖੀ ਸੀ, ਉਸਦੇ ਬੋਲ ਹਾਜਰੀਨ ਨਾਲ ਸਾਂਝੇ ਕੀਤੇ।

ਘਰ ਤਾਂ ਘਰ ਵਾਲੀ ਦੇ ਨਾਲ ਹੀ ਹੁੰਦਾ,
ਜਗ੍ਹਾ ਇਹ ਬੰਦਾ ਲੈ ਨੀ ਸਕਦਾ ।
ਲੱਖ ਧਰਵਾਸੇ ਦੇਵਣ ਸਾਰੇ ਪਰ
ਇਹ ਸਦਮਾ ਸਹਿ ਨਹੀਂ ਸਕਦਾ।
ਪੁੱਤਰਾਂ ਨੂੰਹਾਂ ਬੱਚਿਆਂ ਦੀ ਤੂੰ
ਫੁਲਵਾੜੀ ਜੋੜ ਗਈ ਏਂ।
ਜੀਵਨ ਦੇ ਦੁਖ ਸੁਖ ਹੰਢਾ ਕੇ ਸੁਖੀ
ਵਿਰਾਸਤ ਛੋੜ ਗਈ ਏਂ।
ਮਿੱਠੀਆ ਯਾਦਾਂ ਦੇ ਸਹਾਰੇ ਕੱਟ
ਜਾਣਾ ਕਹਿ ਨਹੀਂ ਸਕਦਾ।
ਲੱਖ ਧਰਵਾਸੇ ਦੇਵਣ ਸਾਰੇ ਪਰ
ਇਹ ਸਦਮਾ ਸਹਿ ਨਹੀਂ ਸਕਦਾ।
ਘਰ ਤਾਂ ਘਰ ਵਾਲੀ ਨਾਲ ਹੁੰਦਾ,
ਜਗ੍ਹਾ ਇਹ ਬੰਦਾ ਨਹੀਂ ਸਕਦਾ।

ਸਰਧਾਂਜਲੀ ਰੂਪੀ ਇਸ ਕਵਿਤਾ ਦੇ ਨਾਲ ਹੀ ਅੱਜ ਦੇ ਇਸ ਪ੍ਰੋਗਰਾਮ ਦੀ ਸਮਾਪਤੀ ਹੋਈ।

## ਅਮਰੀਕਾ ਵਾਲੇ ਹਾਲੇ ਵੀ ਕਰੋਨਾ ਵਾਇਰਸ ਦੀਆਂ ਪੈੜਾਂ ਨੱਪ ਰਹੇ ਹਨ

ਐਡਮੰਟਨ ( ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਵਾਇਰਸ ਕਿੱਥੋਂ ਆਇਆ? ਇਹ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ। ਹੁਣ ਇੱਕ ਅਮਰੀਕੀ ਅਖਬਾਰ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਵਾਇਰਸ ਚੀਨ ਦੀ ਵੁਹਾਨ ਲੈਬ ਤੋਂ ਲੀਕ ਹੋਇਆ ਸੀ ਅਤੇ ਬਾਅਦ ਵਿੱਚ ਇਸ ਨੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਰਿਪੋਰਟ ਮੁਤਾਬਕ- ਵੁਹਾਨ ਲੈਬ ਦੇ ਤਿੰਨ ਵਿਗਿਆਨੀ ਸਭ ਤੋਂ ਪਹਿਲਾਂ ਕੋਰੋਨਾ ਇਨਫੈਕਸ਼ਨ ਦੇ ਸ਼ਿਕਾਰ ਹੋਏ ਸਨ। ਇਨ੍ਹਾਂ ਤਿੰਨਾਂ ਦੇ ਨਾਂ ਵੀ ਸਾਹਮਣੇ ਆਏ ਹਨ। ਇੰਨਾ ਹੀ ਨਹੀਂ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਚੀਨ ਦੀ ਇਸ ਹਰਕਤ ਦੇ ਸਾਰੇ ਸਬੂਤ ਅਮਰੀਕੀ ਖੁਫੀਆ ਏਜੰਸੀ ਾਂਭੀ ਕੋਲ ਮੌਜੂਦ ਹਨ। ਰਿਪੋਰਟ 'ਚ ਕਿਹਾ ਗਿਆ ਹੈ- ਹੁਣ ਇੰਤਜ਼ਾਰ ਹੈ ਕਿ ਅਮਰੀਕੀ ਸਰਕਾਰ ਕਦੋਂ ਦੁਨੀਆ ਦੇ ਸਾਹਮਣੇ ਸਬੂਤ ਪੇਸ਼ ਕਰੇਗੀ ਅਤੇ ਚੀਨ ਖਿਲਾਫ ਕੀ ਕਾਰਵਾਈ ਕੀਤੀ ਜਾਵੇਗੀ। ਵੈੱਬਸਾਈਟ 'ਪਬਲਿਕ' ਤੋਂ ਇਲਾਵਾ ਕੁੱਝ ਹੋਰ ਨਿਊਜ਼ ਪੋਰਟਲਾਂ ਨੇ ਕੋਰੋਨਾ 'ਤੇ ਤਿੰਨ ਅਮਰੀਕੀ ਪੱਤਰਕਾਰਾਂ ਦੀਆਂ ਵਿਸ਼ੇਸ਼ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਹਨ। ਇਹ ਤਿੰਨ ਪੱਤਰਕਾਰ ਮਾਈਕਲ ਸ਼ੈਲਨਬਰਗਰ, ਮੈਟ ਤਾਇਬੀ ਅਤੇ ਅਲੈਕਸ ਗੁਟੇਂਗ ਹਨ। ਅਤੇ ਸਭ ਤੋਂ ਪਹਿਲਾਂ, ਵੁਹਾਨ ਲੈਬ ਦੇ ਜੋ ਤਿੰਨ ਵਿਗਿਆਨੀ ਸੰਕਰਮਿਤ ਹੋਏ ਸਨ ਉਨਾਂ ਵਿੱਚ ਬੇਨ ਹੂ, ਯੂ ਪਿੰਗ ਅਤੇ ਯਾਨ ਝੂ ਸਨ। ਤਿੰਨੋਂ ਇਸ ਲੈਬ ਦੇ ਪ੍ਰਮੁੱਖ ਖੋਜਕਰਤਾ ਸਨ।

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

ਇੰਮੀਗ੍ਰੇਸਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa • Start-up Visa
• Visitor Visa • Citizenship Application
• LMIA, PNP • PR Card Renewal
• Express Entry
R2 Immigration Services Inc.
Rahul Sharma 403-439-0007
RCIC
info@r2immi.ca 403-434-5555
4310 104 Ave NE #3266 Unit 2 Calgary AB T3J 1W5

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed-
One year warranty
on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

ਸ਼ੋਅ ਹੋਮ
ਹੁਣ ਖੁੱਲ ਚੁੱਕੇ ਹਨ
ਨਵਾਂ ਫੇਸ ਛੇਤੀ ਵਿਕ ਰਿਹਾ ਹੈ
ਆਪਣਾ ਘਰ ਰਾਖਵਾਂ ਹੁਣੇ ਕਰੋ!
ਫਰੰਟ ਗੈਰਾਜ ਲਾਟਾਂ. ਡੁਪਲੈਕਸ ਲਾਟਾਂ. ਲੇਨਡ ਲਾਟਾਂ
DAWSON'S LANDING CHESTERMERE
A QUALICO COMMUNITY
ਹਾਈਵੇਅ 1 ਦੇ ਨੇੜੇ ਕੈਲਗਰੀ ਡਾਊਨਟਾਊਨ ਵੱਲ ਨੂੰ
ਨਵੇਂ ਖੇਡ ਮੈਦਾਨ 2023 ਦੀ ਗਰਮੀ ਵਿੱਚ ਖੁੱਲਣਗੇ
ਮਾਲਕ ਐਸੋਸੀਏਸ਼ਨ ਘਰੇਲੂ ਮੁੱਲਾਂ ਨੂੰ ਸੁਰੱਖਿਅਤ ਰੱਖਦੀ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਡੁਪਲੈਕਸ ਘਰ From The Mid $400s
ਲੇਨਡ ਘਰ From The Mid $600s
ਫਰੰਟ ਗੈਰਾਜ ਘਰ From The Mid $700s
NUVISTA HOMES • BROADVIEW HOMES • MORRISON HOMES • TRICO HOMES • STERLING HOMES
ਸਟੌਰਮ ਵਾਟਰ ਕਿਡਨੀ ਬਣਾਉਣ ਲਈ ਕੈਨੇਡਾ ਅਤੇ ਦੁਨੀਆ ਦਾ ਪਹਿਲਾ ਰਿਹਾਇਸ਼ੀ ਭਾਈਚਾਰਾ
ਹੋਰ ਜਾਣਕਾਰੀ ਲਈ ਵੈਬਸਾਈਟ ਉੱਪਰ ਜਾਓ
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਕੈਲਗਰੀ ਵਾਸੀ ਜਗਜੀਤ ਸਿੰਘ ਮਿਸਟਰ ਉਲਿੰਪਿਆ ਬਣਕੇ ਦੋ ਮੈਡਲ ਜਿੱਤਕੇ ਲਿਆਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਿੱਤ ਰੋਜ਼ ਦੀਆਂ ਖ਼ਬਰਾਂ ਵਿੱਚ ਪੰਜਾਬ ਦੀ ਜਵਾਨੀ ਦੀ ਚਿੰਤਾ ਸਾਹਮਣੇ ਆਉਂਦੀ ਰਹਿੰਦੀ ਹੈ ਕਿ ਸਾਰੇ ਗੱਭਰੂ ਨਸ਼ਿਆ ਨੇ ਖਾ ਲਏ ਹਨ ਪਰ ਜੇਕਰ ਕੈਲਗਰੀ ਵਾਸੀ ਇੱਕ ਗੱਭਰੂ ਜਗਜੀਤ ਸਿੰਘ ਦੇ ਸਰੀਰ ਵੱਲ ਝਾਤ ਮਾਰੀਏ ਤਾਂ ਉਹ ਇਸ ਦਾਅਵੇ ਨੂੰ ਝੁਠਲਾਉਂਦੇ ਹਨ। ਜਲੰਧਰ ਸਹਿਰ ਦੇ ਪਿਛੋਕੜ ਵਾਲੇ ਜਗਜੀਤ ਸਿੰਘ ਇਹਨੀ ਦਿਨੀ ਕਨੇਡਾ ਦੇ ਕੈਲਗਰੀ ਸਹਿਰ ਵਿੱਚ ਸਿਹਤ ਸਬੰਧੀ ਟਰੇਨਿੰਗ ਸੈਂਟਰ ਚਲਾ ਰਹੇ ਹਨ। ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹ ਬੀਤੀ 2,3,ਅਤੇ 4 ਜੂਨ 2023 ਸਪੇਨ ਵਿਖੇ ਹੋਏ ਮੁਕਾਬਲਿਆਂ ਦੌਰਾਨ 70 ਕਿੱਲੋ ਭਾਰ ਦੇ ਮਿਸਟਰ ਉਲਿੰਪਿਆ ਮੁਕਾਬਲੇ ਦੌਰਾਨ ਉਹਨਾਂ ਦੋ ਮੈਡਲ ਜਿੱਤੇ ਹਨ। ਬਾਡੀ ਬਿਲਡਿੰਗ ਅਤੇ ਕਲਾਸਿਕ ਬਾਡੀ ਬਿਲਡਿੰਗ ਵਿੱਚ ਉਹਨਾਂ ਇਹ ਮੈਡਲ ਜਿੱਤੇ ਹਨ। ਜਗਜੀਤ ਸਿੰਘ ਦੇ ਦੱਸਣ ਅਨੁਸਾਰ ਇਹਨਾਂ ਮੁਕਾਬਲਿਆਂ ਵਿੱਚੋਂ ਜਿੱਤ ਪਰਾਪਤ ਕਰਨਾ ਦਾ ਅੱਗੇ ਦੀ ਗੱਲ ਹੈ ਸਗੋਂ ਹਾਲੇ ਤੱਕ ਸਾਡੇ ਭਾਈਚਾਰੇ ਵਿੱਚੋਂ ਹੁਣ ਤੱਕ ਕੋਈ ਵੀ ਇਸ ਮੁਕਾਬਲੇ ਤੱਕ ਪਹੁੰਚ ਨਹੀਂ ਸਕਿਆ। ਉਹਨਾਂ ਪੰਜਾਬ ਦੇ ਗੱਭਰੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਹਨਾਂ ਨਾਲ ਸੰਪਰਕ ਕਰਕੇ ਆਪਣੀ ਸਰੀਰਕ ਬਣਤਰ ਨੂੰ ਦੁਨੀਆ ਸਾਹਮਣੇ ਦਿਖਾਵੇ ਲਈ ਲੈਕੇ ਜਾਣ। ਉਹਨਾਂ ਦਾ ਸੁਪਨਾ ਹੈ ਕਿ ਉਹਨਾਂ ਤੋਂ ਬਾਦ ਜਰੂਰ ਕੋਈ ਕੈਲਗਰੀ ਵਾਸੀ ਉਹਨਾਂ ਦੇ ਦਿਖਾਏ ਰਾਹ ਉੱਪਰ ਚਲਦਾ ਹੋਇਆ ਇਹ ਖਿਤਾਬ ਜਰੂਰ ਜਿੱਤਕੇ ਲਿਆਵੇਗਾ।

# ਹੁਣ ਕੈਨੇਡਾ ਦੀ ਆਬਾਦੀ 40 ਮਿਲੀਅਨ ਯਾਨੀ 4 ਕਰੋੜ ਹੋ ਗਈ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਆਬਾਦੀ 16 ਜੂਨ 2023 ਨੂੰ ਨਵਾਂ ਰਿਕਾਰਡ ਸਥਾਪਤ ਕਰਨ ਉਪਰੰਤ 40 ਮਿਲੀਅਨ ਯਾਨੀ 4 ਕਰੋੜ ਹੋ ਗਈ ਹੈ। ਸਟੇਟਸ ਕੈਨੇਡਾ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਏਜੰਸੀ ਦੇ ਪਾਪੂਲੇਸ਼ਨ ਕਲਾਕ ਦੇ ਆਧਾਰ ਤੇ ਇਹ ਜਾਣਕਾਰੀ ਦਿੱਤੀ ਗਈ ਹੈ। ਇਹ ਇੱਕ ਅਜਿਹਾ ਤੂਲ ਹੈ ਜੋ ਜਨਮ ਮੌਤ ਅਤੇ ਮਾਈਗ੍ਰੇਸ਼ਨ ਦੇ ਆਧਾਰ ਤੇ ਅਸਲ ਟਾਈਮ ਤੇ ਆਬਾਦੀ 'ਚ ਹੋ ਰਹੀ ਤਬਦੀਲੀ ਨੂੰ ਦਰਸਾਉਂਦਾ ਹੈ। ਸਟੇਟਸ ਕੈਨੇਡਾ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਦਿਆਂ ਆਖਿਆ ਹੈ ਆਬਾਦੀ 4 ਕਰੋੜ ਹੋ ਗਈ ਹੈ। ਚੀਫ ਸਟੈਟੀਸ਼ੀਅਨ ਅਨਿਲ ਅਰੋੜਾ ਨੇ ਕਿਹਾ ਕਿ ਇਹ ਸ਼ਾਨਦਾਰ ਪਲ ਸਨ ਜਿਸਤੋਂ ਪਤਾ ਲੱਗਦਾ ਹੈ ਕਿ ਕੈਨੇਡਾ ਸਵਾਗਤ ਕਰਨ ਵਾਲਾ ਦੇਸ਼ ਹੈ। ਉਨਾਂ ਆਖਿਆ ਕਿ ਆ ਰਹੇ ਕੈਨੇਡਾ ਡੇਅ ਮੌਕੇ ਇਸ ਪ੍ਰਾਪਤੀ ਨੂੰ ਵੀ ਸੈਲੀਬ੍ਰੇਟ ਕੀਤਾ ਜਾਵੇਗਾ। ਵਰਣਯੋਗ ਹੈ ਕਿ ਜੀ -7 ਦੇਸ਼ਾਂ ਵਿੱਚ ਕੈਨੇਡਾ ਦੇ ਆਬਾਦੀ ਸਭ ਤੋਂ ਜ਼ਿਆਦਾ ਵੱਧ ਰਹੀ ਹੈ। 2021 ਅਤੇ 2022 ਦੌਰਾਨ ਕੈਨੇਡਾ ਦੀ ਆਬਾਦੀ 10 ਲੱਖ ਜਾਂ ਇੱਕ ਮਿਲੀਅਨ ਤੋਂ ਜ਼ਿਆਦਾ ਵਧੀ ਜੋ ਕਿ ਕਿਸੇ ਵੀ ਇੱਕ ਸਾਲ ਵਿੱਚ ਵਧੀ ਸਭ ਤੋਂ ਜ਼ਿਆਦਾ ਆਬਾਦੀ ਸੀ। ਪਿਛਲੇ ਸਾਲ ਕੈਨੇਡਾ ਦੀ ਆਬਾਦੀ 2.7 ਫ਼ੀਸਦ ਦੀ ਦਰ ਨਾਲ ਵਧੀ ਜੋ ਕਿ 1957 ਤੋਂ ਬਾਅਦ ਸਭ ਤੋਂ ਜ਼ਿਆਦਾ ਸੀ। 1957 ਵਿੱਚ ਆਬਾਦੀ ਦੀ ਦਰ 3.3 ਫ਼ੀਸਦ ਨਾਲ ਵਧੀ ਸੀ

STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
Ph: +1(825)513-0151 Address: 470, 10980 38St NE AB Calgary

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜ਼ਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
International Students accepting
• Makeup
• Hair styling
• Manicure/Pedicure
• Microdermabrasion
• Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਵਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਭਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਮੁਹੱਬਤ ਹੀ ਨਫ਼ਰਤ ਦੀ ਕੰਧ ਢਾਹ ਸਕਦੀ ਹੈ।
-ਗਿਬਨ

## ਡਾਇਬਟੀਜ਼ ਦਾ ਪ੍ਰਕੋਪ

ਡਾਇਬਟੀਜ਼ ਇਸ ਸਮੇਂ ਪੂਰੀ ਦੁਨੀਆ ਲਈ ਖ਼ਤਰਾ ਬਣੀ ਹੋਈ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਜੀਵਨ ਸ਼ੈਲੀ ਵਿੱਚ ਜਿਹੜੀਆਂ ਤਬਦੀਲੀਆਂ ਆ ਰਹੀਆਂ ਹਨ, ਇਸ ਨੇ ਲੋਕਾਂ ਦੀ ਆਮ ਰੁਟੀਨ ਖ਼ਰਾਬ ਕਰ ਦਿੱਤੀ ਹੈ ਜਿਸ ਕਾਰਨ ਲੋਕ ਇਸ ਦਾ ਸ਼ਿਕਾਰ ਹੋ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਦੇਖਿਆ ਜਾ ਰਿਹਾ ਹੈ ਕਿ ਭਾਰਤ ਵਿਚ ਡਾਇਬਟੀਜ਼ (ਸ਼ੂਗਰ), ਜ਼ਿਆਦਾ ਬਲੱਡ ਪ੍ਰੈਸ਼ਰ (ਹਾਈਪਰਟੈਨਸ਼ਨ) ਅਤੇ ਮੋਟਾਪੇ ਵਰਗੀਆਂ ਬਿਮਾਰੀਆਂ (ਐੱਨਸੀਡੀਜ਼) ਦਾ ਪ੍ਰਕੋਪ ਵੱਧ ਰਿਹਾ ਹੈ। ਇੱਥੋਂ ਤੱਕ ਕਿ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਨ੍ਹਾਂ ਬਿਮਾਰੀਆਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ ਜਿਨ੍ਹਾਂ ਨੂੰ ਆਮ ਤੌਰ 'ਤੇ 'ਬੀਪੀ' (ਬਲੱਡ ਪ੍ਰੈਸ਼ਰ), 'ਸ਼ੂਗਰ' ਅਤੇ 'ਮੋਟਾਪਾ' ਕਿਹਾ ਜਾਂਦਾ ਹੈ। ਪਰਿਵਾਰਾਂ/ਰਿਸ਼ਤੇਦਾਰਾਂ ਵਿੱਚ ਲਗਭਗ ਹਰ ਦੂਜਾ ਵਿਅਕਤੀ ਇਨ੍ਹਾਂ ਵਿੱਚੋਂ ਇੱਕ ਜਾਂ ਵਧੇਰੇ ਬਿਮਾਰੀਆਂ ਦੀ ਲਪੇਟ ਵਿੱਚ ਹੈ। ਦੇਸ਼ ਵਿੱਚ ਮੈਡੀਕਲ ਖੋਜ ਕਰਨ ਵਾਲੀ ਪ੍ਰਮੁੱਖ ਸੰਸਥਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐੱਮਆਰ) ਨੇ ਡਾਇਬੀਟੀਜ਼ (ਸ਼ੂਗਰ) 'ਤੇ ਕੀਤੇ ਤਾਜ਼ਾ ਅਧਿਐਨ ਵਿੱਚ ਇਹ ਚਿੰਤਾਜਨਕ ਖੁਲਾਸਾ ਕੀਤਾ ਹੈ ਕਿ ਦੇਸ਼ ਵਿੱਚ ਇਸ ਬਿਮਾਰੀ ਦੇ ਪ੍ਰਸਾਰ ਵਿਚ ਵਾਧੇ ਦੀ ਦਰ ਅੰਦਾਜ਼ੇ ਨਾਲੋਂ ਕਿਤੇ ਵੱਧ ਹੈ। 20 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਸਰਵੇਖਣ ਵਿੱਚ ਪਾਇਆ ਗਿਆ ਕਿ ਕੁੱਲ ਆਬਾਦੀ ਦਾ 11.4 ਫ਼ੀਸਦੀ (10 ਕਰੋੜ 10 ਲੱਖ) ਲੋਕ ਇਸ ਤੋਂ ਪੀੜਤ ਹਨ। ਡਾਇਬਟੀਜ਼ (ਸ਼ੂਗਰ) ਨੂੰ ਕਾਬੂ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਜੇਕਰ ਦਵਾਈ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਇਸ ਦਾ ਇਲਾਜ ਜਾਂ ਇਸ 'ਤੇ ਕਾਬੂ ਨਾ ਪਾਇਆ ਜਾਏ ਤਾਂ ਇਹ ਘਾਤਕ ਵੀ ਸਾਬਤ ਹੋ ਸਕਦੀ ਹੈ।ਵਿਸ਼ਵ ਸਿਹਤ ਸੰਗਠਨ (ਵਰਲਡ ਹੈੱਲਥ ਆਰਗੇਨਾਈਜੇਸ਼ਨ- ਡਬਲਿਊਐੱਚਓ) ਦਾ ਕਹਿਣਾ ਹੈ ਕਿ ਡਾਇਬੀਟੀਜ਼ (ਸ਼ੂਗਰ) ਅੰਨ੍ਹੇਪਣ, ਗੁਰਦੇ ਫੇਲ੍ਹ ਹੋਣ, ਦਿਲ ਦੇ ਦੌਰੇ, ਸਟ੍ਰੋਕ ਆਦਿ ਬਿਮਾਰੀਆਂ ਦਾ ਵੱਡਾ ਕਾਰਨ ਹੈ। ਇਸ ਸਰਵੇਖਣ ਅਨੁਸਾਰ ਦੇਸ਼ 35.5 ਫ਼ੀਸਦੀ ਲੋਕਾਂ ਨੂੰ ਜ਼ਿਆਦਾ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੈ ਅਤੇ 40 ਫ਼ੀਸਦੀ ਲੋਕ ਮੋਟਾਪੇ ਦਾ ਸ਼ਿਕਾਰ ਹਨ।

ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਦਿੱਲੀ ਡਾਇਬਟੀਜ਼ (ਸ਼ੂਗਰ) ਦੇ ਮਰੀਜ਼ਾਂ ਵਾਲੇ ਚੋਟੀ ਦੇ 10 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹਨ। ਇਸ ਕਾਰਨ ਇਸ ਖੇਤਰ ਦੇ ਲੋਕਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਲੋਕਾਂ ਨੂੰ ਨਿੱਜੀ ਪੱਧਰ 'ਤੇ ਆਪਣੀ ਖ਼ੁਰਾਕ ਪ੍ਰਤੀ ਅਨੁਸ਼ਾਸਿਤ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿੰਦਿਆਂ ਸ਼ਰਾਬਨੋਸ਼ੀ ਤੇ ਸਿਗਰਟਨੋਸ਼ੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਰੋਜ਼ਾਨਾ ਸੈਰ ਤੇ ਹਲਕੀ ਕਸਰਤ ਇਸ ਬਿਮਾਰੀ ਨੂੰ ਘਟਾਉਣ ਵਿਚ ਸਹਾਇਤਾ ਕਰਦੀਆਂ ਹਨ। ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਿਹਤ ਸੰਭਾਲ ਸਹੂਲਤਾਂ ਨੂੰ ਵਧੇਰੇ ਪਹੁੰਚ ਯੋਗ ਬਣਾਉਣ, ਖਾਸ ਕਰ ਕੇ ਪੇਂਡੂ ਖੇਤਰਾਂ ਵਿੱਚ। ਇਸ ਬਿਮਾਰੀ ਵਿੱਚ ਮਰੀਜ਼ਾਂ ਦੀ ਲਗਾਤਾਰ ਨਿਗਰਾਨੀ ਮਹੱਤਵਪੂਰਨ ਹੈ। ਖਾਸ ਤੌਰ 'ਤੇ ਚਿੰਤਾਜਨਕ ਤੱਥ ਇਹ ਹੈ ਕਿ ਬੱਚੇ ਵੀ ਤੇਜ਼ੀ ਨਾਲ ਇਸ ਦਾ ਸ਼ਿਕਾਰ ਹੋ ਰਹੇ ਹਨ। ਬੱਚਿਆਂ ਵਿੱਚ ਝੱਟ-ਪੱਟ ਬਣਾਏ ਜਾਂਦੇ ਭੋਜਨ (ਫਾਸਟ ਫੂਡ) ਦਾ ਜ਼ਿਆਦਾ ਸੇਵਨ ਅਤੇ ਸਰੀਰਕ ਗਤੀਵਿਧੀਆਂ ਦੀ ਘਾਟ ਇਸ ਦਾ ਪ੍ਰਮੁੱਖ ਕਾਰਨ ਹਨ।ਸਕਾਰਾਤਮਕ ਰਵੱਈਆ ਅਪਣਾ ਕੇ ਇਸ ਰੁਝਾਨ ਨੂੰ ਬਦਲਿਆ ਜਾ ਸਕਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜਿੱਥੇ ਡਾਇਬਟੀਜ਼ (ਸ਼ੂਗਰ) ਹੋਣ ਤੋਂ ਪਹਿਲਾਂ ਵਾਲੀ ਸਥਿਤੀ (ਪ੍ਰੀ-ਡਾਇਬਟੀਜ਼) ਪੂਰੀ ਤਰ੍ਹਾਂ ਨਾਲ ਠੀਕ ਹੋ ਜਾਂਦੀ ਹੈ, ਉੱਥੇ ਟਾਈਪ-2 ਡਾਇਬਟੀਜ਼ (ਬਾਲਗ਼ਾਂ ਵਿਚ ਹੋਣ ਵਾਲੀ ਡਾਇਬਟੀਜ਼) ਸਿਹਤਮੰਦ ਖ਼ੁਰਾਕ ਅਤੇ ਸਰੀਰਕ ਗਤੀਵਿਧੀ ਦੁਆਰਾ 60% ਮਾਮਲਿਆਂ ਵਿੱਚ ਠੀਕ ਹੋ ਸਕਦੀ ਹੈ। ਪ੍ਰੀ-ਡਾਇਬੀਟੀਜ਼ ਪੜਾਅ 'ਤੇ ਜਾਂਚ ਅਤੇ ਇਲਾਜ ਮਰੀਜ਼ ਦੀ ਸਥਿਤੀ ਨੂੰ ਵਿਗੜਨ ਤੋਂ ਰੋਕਣ ਲਈ ਕਾਰਗਰ ਹੈ। ਸ਼ੂਗਰ ਦੇ ਨਾਲ-ਨਾਲ ਦੂਸਰੀਆਂ ਬਿਮਾਰੀਆਂ ਨੂੰ ਰੋਕਣਾ ਵੀ ਮਹੱਤਵਪੂਰਨ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਕਿਸਾਨ ਆਮਦਨ ਦੂੱਗਣੀ- ਦਿੱਲੀ ਹਾਲੇ ਦੂਰ ਹੈ

**ਗੁਰਮੀਤ ਸਿੰਘ ਪਲਾਹੀ**
-9815802070





ਭਾਰਤੀ ਸੰਸਦ ਵਲੋਂ ਸਥਾਪਿਤ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਨੇ ਇਸ ਸਾਲ 23 ਮਾਰਚ ਨੂੰ ਸੰਸਦ 'ਚ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ 2022 ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤੋਂ ਦੂਰ ਹੈ। ਕਮੇਟੀ ਨੇ ਕਿਹਾ ਸੀ ਕਿ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਮਹੀਨਾਵਾਰ ਆਮਦਨੀ ਜੋ 2015-16 ਵਿੱਚ 8,050 ਰੁਪਏ ਸੀ, ਉਹ 2018-19 ਵਿੱਚ ਵਧਕੇ 10,218 ਰੁਪਏ ਹੋ ਸਕੀ।

ਕਿਸਾਨਾਂ ਦੀ ਆਮਦਨ ਦੇ ਨਾ ਵਧਣ ਦਾ ਕਾਰਨ ਸਰਕਾਰ ਵਲੋਂ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਜੋ ਉਸ ਵਲੋਂ 2016-17 ਵਿੱਚ ਜਾਰੀ ਕੀਤੀ ਗਈ। ਇਸ ਰਿਪੋਰਟ ਵਿੱਚ ਮੌਨਸੂਨ ਦੇ ਅੱਗੇ-ਪਿੱਛੇ ਹੋਣਾ, ਵਾਰ-ਵਾਰ ਫ਼ਸਲ ਖਰਾਬ ਹੋਣਾ, ਜਲ ਸਰੋਤਾਂ ਦੀ ਘਾਟ ਤੇ ਨਦੀਨਾਂ ਦੇ ਹਮਲੇ, ਬੀਮਾਰੀਆਂ ਆਦਿ ਕਾਰਨ ਦੱਸੇ ਗਏ ਹਨ।

ਪਰ ਕਿਸਾਨਾਂ ਦੀ ਆਮਦਨ ਨਾ ਵਧਣ ਦਾ ਸਿੱਟਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀਆਂ 'ਚ ਗਿਣਤੀ ਦਾ ਵਾਧਾ ਹੈ। ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐਸ.ਈ) ਵਲੋਂ ਜਾਰੀ ਤਾਜ਼ਾ ਰਿਪੋਰਟ ਖ਼ੁਲਾਸਾ ਕਰਦੀ ਹੈ ਕਿ 2021 ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵੱਧ ਸੀ। 2019 ਵਿੱਚ 10,281, 2020 ਵਿੱਚ 10,677 ਅਤੇ 2021 'ਚ 10,881 ਕਿਸਾਨਾਂ/ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ।

ਕੇਂਦਰ ਸਰਕਾਰ ਦਾ ਦਾਅਵਾ ਹੈ ਅਤੇ ਵਾਰ-ਵਾਰ ਦਾਅਵਾ ਹੈ ਕਿ ਦੇਸ਼ 'ਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨਾ ਉਸਦੀ ਪਹਿਲ ਹੈ ਪਰ ਕਿਸਾਨ ਖੇਤੀ ਨਾਲ ਆਪਣਾ ਗੁਜ਼ਾਰਾ ਤੋਰਨ ਵਿੱਚ ਸਫ਼ਲ ਨਹੀਂ ਹੋ ਰਹੇ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਅਸਾਮ ਵਿੱਚ ਇਹਨਾ ਪੰਜ ਸਾਲਾਂ ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 'ਚ ਤੇਰਾਂ ਗੁਣਾ ਵਾਧਾ ਦਰਜ ਕੀਤਾ ਗਿਆ ਹੈ ਹਾਲਾਂਕਿ ਕੌਮੀ ਅਪਰਾਧ ਰਿਕਾਰਡ ਬਿਓਰੋ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਪਿਛਲੇ ਕਾਰਨਾਂ ਬਾਰੇ ਚੁੱਪੀ ਸਾਧੀ ਬੈਠਾ ਹੈ।

ਮਹਾਂਰਾਸ਼ਟਰ ਵਿੱਚ ਸੰਨ 2021 'ਚ 4,064, ਕਰਨਾਟਕ ਵਿੱਚ 2,169, ਮੱਧ ਪ੍ਰਦੇਸ਼ 'ਚ 6,71, ਪੰਜਾਬ 'ਚ 2,70 ਖੁਦਕੁਸ਼ੀਆਂ ਵਾਲੇ ਕੇਸ ਮਿਲੇ ਹਨ। ਖੇਤੀ ਮਾਹਿਰ ਕਿਸਾਨ ਖੁਦਕੁਸ਼ੀਆਂ ਦਾ ਕਾਰਨ ਕਿਸਾਨਾਂ ਦਾ ਕਰਜ਼ੇ ਦੇ ਜਾਲ ਵਿੱਚ ਫਸੇ ਹੋਣਾ ਦਸਦੇ ਹਨ ਅਤੇ ਬਹੁਤੇ ਮਾਹਿਰ ਇਸ ਗੱਲ ਦੇ ਹੱਕ 'ਚ ਹਨ ਕਿ ਕਿਸਾਨਾਂ ਨੂੰ ਸਰਕਾਰ ਸਿੱਧੀ ਸਹਾਇਤਾ ਵਧਾਕੇ ਉਹਨਾ ਦੇ ਕਰਜ਼ੇ ਦਾ ਬੋਝ ਹਲਕਾ ਕਰੇ। ਸਰਕਾਰ ਵਲੋਂ ਇਸ ਵੇਲੇ 6000 ਰੁਪਏ ਪ੍ਰਤੀ ਸਲਾਨਾ ਨਕਦ ਰਾਸ਼ੀ ਕਿਸਾਨ ਪਰਿਵਾਰਾਂ ਦੇ ਖਾਤਿਆਂ 'ਚ ਪਾਏ ਜਾਣ ਦਾ ਦਾਅਵਾ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਫ਼ਸਲਾਂ 'ਤੇ ਬੀਮਾ ਯੋਜਨਾ ਲਾਗੂ ਹੈ। ਖਾਦਾਂ, ਕੀਟਨਾਸ਼ਕਾਂ ਆਦਿ ਉਤੇ ਸਬਸਿਡੀ ਦਿੱਤੀ ਜਾ ਰਹੀ ਹੈ। ਕੁਝ ਸੂਬਾ ਸਰਕਾਰਾਂ ਵਲੋਂ ਮੁਫ਼ਤ ਬਿਜਲੀ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਮੌਸਮ ਦੀ ਮਾਰ ਸਮੇਂ ਫ਼ਸਲਾਂ ਦੀ ਤਬਾਹੀ ਹੋਣ 'ਤੇ ਕੁਝ ਰਾਹਤ ਵੀ ਵੰਡੀ ਜਾਂਦੀ ਹੈ। ਫ਼ਸਲੀ ਬੀਮਾ ਯੋਜਨਾ ਨੂੰ ਬਹੁਤੀਆਂ ਸਰਕਾਰਾਂ ਅਤੇ ਕਿਸਾਨਾਂ ਨੇ ਪ੍ਰਵਾਨ ਨਹੀਂ ਕੀਤਾ ਹੋਇਆ , ਕਿਉਂਕਿ ਇਹ ਯੋਜਨਾਵਾਂ ਮੁੱਖ ਤੌਰ 'ਤੇ ਬੀਮਾ ਕੰਪਨੀਆਂ ਦੇ ਢਿੱਡ ਭਰਦੀ ਹੈ, ਕਿਸਾਨਾਂ ਦੇ ਹਿੱਤ ਨਹੀਂ ਪੂਰਦੀ।

ਉਂਜ ਵੀ ਜਿੰਨੀਆਂ ਕੁ ਵੀ ਯੋਜਨਾਵਾਂ ਕਿਸਾਨਾਂ ਦੀ ਭਲਾਈ ਲਈ ਕੇਂਦਰ ਜਾਂ ਸੂਬਾ ਸਰਕਾਰਾਂ ਵਲੋਂ ਚਲਾਈਆਂ ਜਾਂਦੀਆਂ ਹਨ, ਉਹਨਾ ਦਾ ਲਾਭ ਸਧਾਰਨ ਕਿਸਾਨਾਂ ਤੱਕ ਨਹੀਂ ਪੁੱਜਦਾ, ਖ਼ਾਸ ਤੌਰ 'ਤੇ ਉਹਨਾ ਕਿਸਾਨਾਂ ਤੱਕ ਜਿਹਨਾ ਕੋਲ ਮਸਾਂ ਡੇਢ ਦੋ ਏਕੜ ਜ਼ਮੀਨ ਹੈ। ਇਹਨਾ ਲੋਕਾਂ ਕੋਲ ਤਾਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਦਾ ਲਾਭ ਵੀ ਨਹੀਂ ਪੁੱਜਦਾ, ਕਿਉਂਕਿ ਇਹਨਾ ਦੀ ਫ਼ਸਲ ਤਾਂ ਮਸਾਂ ਘਰ ਦੇ ਜੀਆਂ ਦਾ ਗੁਜ਼ਾਰਾ ਕਰਨ ਜੋਗੀ ਉਪਜਦੀ ਹੈ, ਵੇਚਣ ਜੋਗੀ ਨਹੀਂ।

> ਕੇਂਦਰ ਸਰਕਾਰ ਦੀ ਖੇਤੀ ਅਤੇ ਕਿਸਾਨਾਂ ਪ੍ਰਤੀ ਅਵੇਸਲਾਪਨ ਅਤੇ ਉਦਾਸੀ ਉਦੋਂ ਤੋਂ ਕੁਝ ਜ਼ਿਆਦਾ ਹੀ ਵੱਧ ਗਈ ਹੈ, ਜਦੋਂ ਤੋਂ ਉਸ ਵਲੋਂ ਕਿਸਾਨ ਵਿਰੋਧੀ ਖੇਤੀ ਕਾਨੂੰਨ ਪਾਸ ਕਰਾਉਣ 'ਚ ਸਰਕਾਰ ਸਫਲ ਨਾ ਹੋਈ ਅਤੇ ਕਿਸਾਨਾਂ ਦੇ ਸੰਘਰਸ਼ ਕਾਰਨ ਇਹ ਕਾਨੂੰਨ ਵਾਪਿਸ ਲੈਣੇ ਪਏ ਸਨ। ਇਹਨਾ ਖੇਤੀ ਕਾਨੂੰਨਾਂ ਤਹਿਤ ਸਰਕਾਰ ਕਿਸਾਨਾਂ ਦੀ ਜ਼ਮੀਨ ਹਥਿਆ ਕੇ ਇਸ ਜ਼ਮੀਨ ਨੂੰ ਕਾਰਪੋਰੇਟਾਂ ਦੇ ਪੇਟੇ ਪਾਉਣਾ ਚਾਹੁੰਦੀ ਸੀ। ਇਸ ਸਕੀਮ ਦੇ ਫੇਲ੍ਹ ਹੋਣ ਉਪਰੰਤ ਉਹ ਹੁਣ ਕਿਸਾਨਾਂ ਦੀ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤੋਂ ਵੀ ਪਾਸਾ ਵੱਟਣ ਦੇ ਰਾਹ ਪਈ ਹੋਈ ਹੈ ਅਤੇ ਖੇਤੀ ਅਤੇ ਕਿਸਾਨਾਂ ਦੇ ਭਲੇ ਵਾਲੀਆਂ ਸਕੀਮਾਂ ਨੂੰ ਆਨੇ-ਬਹਾਨੇ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ। ਸਫ਼ਲ ਮੰਡੀ ਪ੍ਰਬੰਧ ਜਿਵੇਂ ਪੰਜਾਬ 'ਚ ਹੈ, ਉਹ ਵੀ ਖ਼ਤਮ ਕਰਨ ਵਲ ਤੁਰ ਰਹੀ ਹੈ।

ਦੇਸ਼ ਦੀਆਂ 2019 ਦੀਆਂ ਚੋਣਾਂ ਤੋਂ ਪਹਿਲਾਂ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਨਾਹਰਾ ਅੰਬਰ ਛੂਹਦਾ ਰਿਹਾ ਹੈ, ਕਿਉਂਕਿ ਵੋਟਾਂ ਪ੍ਰਾਪਤ ਕਰਨੀਆਂ ਸਨ ਪਰ ਕਿਸਾਨ ਅੰਦੋਲਨ ਤੋਂ ਬਾਅਦ ਤਾਂ ਇਸ ਨਾਹਰੇ 'ਤੇ ਲਗਭਗ ਚੁੱਪੀ ਵੱਟੀ ਗਈ ਹੈ।

ਕੇਂਦਰ ਸਰਕਾਰ ਦੀ ਖੇਤੀ ਅਤੇ ਕਿਸਾਨਾਂ ਪ੍ਰਤੀ ਅਵੇਸਲਾਪਨ ਅਤੇ ਉਦਾਸੀ ਉਦੋਂ ਤੋਂ ਕੁਝ ਜ਼ਿਆਦਾ ਹੀ ਵੱਧ ਗਈ ਹੈ, ਜਦੋਂ ਤੋਂ ਉਸ ਵਲੋਂ ਕਿਸਾਨ ਵਿਰੋਧੀ ਖੇਤੀ ਕਾਨੂੰਨ ਪਾਸ ਕਰਾਉਣ 'ਚ ਸਰਕਾਰ ਸਫਲ ਨਾ ਹੋਈ ਅਤੇ ਕਿਸਾਨਾਂ ਦੇ ਸੰਘਰਸ਼ ਕਾਰਨ ਇਹ ਕਾਨੂੰਨ ਵਾਪਿਸ ਲੈਣੇ ਪਏ ਸਨ। ਇਹਨਾ ਖੇਤੀ ਕਾਨੂੰਨਾਂ ਤਹਿਤ ਸਰਕਾਰ ਕਿਸਾਨਾਂ ਦੀ ਜ਼ਮੀਨ ਹਥਿਆ ਕੇ ਇਸ ਜ਼ਮੀਨ ਨੂੰ ਕਾਰਪੋਰੇਟਾਂ ਦੇ ਪੇਟੇ ਪਾਉਣਾ ਚਾਹੁੰਦੀ ਸੀ। ਇਸ ਸਕੀਮ ਦੇ ਫੇਲ੍ਹ ਹੋਣ ਉਪਰੰਤ ਉਹ ਹੁਣ ਕਿਸਾਨਾਂ ਦੀ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤੋਂ ਵੀ ਪਾਸਾ ਵੱਟਣ ਦੇ ਰਾਹ ਪਈ ਹੋਈ ਹੈ ਅਤੇ ਖੇਤੀ ਅਤੇ ਕਿਸਾਨਾਂ ਦੇ ਭਲੇ ਵਾਲੀਆਂ ਸਕੀਮਾਂ ਨੂੰ ਆਨੇ-ਬਹਾਨੇ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ। ਸਫ਼ਲ ਮੰਡੀ ਪ੍ਰਬੰਧ ਜਿਵੇਂ ਪੰਜਾਬ 'ਚ ਹੈ, ਉਹ ਵੀ ਖ਼ਤਮ ਕਰਨ ਵਲ ਤੁਰ ਰਹੀ ਹੈ। ਇਹ ਜਾਣਦਿਆਂ ਹੋਇਆ ਵੀ ਕਿ ਖੇਤੀ, ਦੇਸ਼ ਦਾ ਧੁਰਾ ਹੈ। ਇਹ ਜਾਣਦਿਆਂ ਹੋਇਆ ਵੀ ਦੇਸ਼ ਦੀ ਵੱਡੀ ਆਬਾਦੀ ਦਾ ਜ਼ਮੀਨ ਨਾਲ ਡਾਹਢਾ ਮੋਹ ਹੈ ਅਤੇ ਇਹ ਆਫ਼ਤ ਵੇਲੇ ਵੀ ਉਹਦੀ ਰੋਜ਼ੀ-ਰੋਟੀ ਦਾ ਇੱਕ ਵੱਡਾ ਵਸੀਲਾ ਹੈ, ਸਰਕਾਰ ਨਿੱਜੀਕਰਨ ਦੇ ਰਾਹ ਨੂੰ ਅਪਨਾ ਰਹੀ ਹੈ ਅਤੇ ਕਿਸਾਨਾਂ ਨੂੰ ਮਜ਼ਦੂਰ ਬਨਾਉਣ ਦੇ ਰਾਹ ਤੁਰੀ ਹੈ। ਖੇਤੀ ਦੇ ਮਾੜੇ ਹਾਲਤਾਂ ਨੂੰ ਵੇਖਕੇ ਵੱਡੀ ਗਿਣਤੀ ਕਿਸਾਨ ਪਿਛਲੇ ਪੰਜ ਸਾਲਾਂ ਦੇ ਅਰਸੇ 'ਚ ਖੇਤੀਬਾੜੀ ਛੱਡ ਚੁੱਕੇ ਹਨ।

ਭਾਰਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਕੇਂਦਰ ਨੇ ਇਹ ਅਹਿਸਾਸ ਜ਼ਰੂਰ ਕਰ ਲਿਆ ਹੋਵੇਗਾ ਕਿ ਜਦੋਂ ਦੇਸ਼ ਉਤੇ ਕਰੋਨਾ ਮਾਹਾਂਮਾਰੀ ਦੀ ਮਾਰ ਪਈ, ਦੇਸ਼ 'ਚ ਸਭੋ ਕੁਝ ਬੰਦ ਹੋ ਗਿਆ ਸ਼ਹਿਰੀ ਮਜ਼ਦੂਰ ਆਪਣੇ ਜੱਦੀ ਪਿੰਡਾਂ ਵੱਲ ਤੁਰ ਪਏ,ਕਿਉਂਕਿ ਉਹਨਾ ਦੇ ਮਾਲਕ ਉਹਨਾ ਨੂੰ ਰੋਟੀ ਦੇਣ ਤੋਂ ਆਕੀ ਹੋ ਗਏ, ਤਾਂ ਉਹਨਾ ਦੇ ਜੱਦੀ ਪਿੰਡਾਂ, ਉਹਨਾ ਦੇ ਖੇਤਾਂ ਨੇ ਉਹਨਾ ਦੇ ਪੇਟ ਨੂੰ ਝੁਲਕਾ ਦਿੱਤਾ।

ਖੇਤੀ-ਨੀਤੀ ਮਾਹਿਰ, ਅਰਥ ਸ਼ਾਸਤਰੀ ਅਤੇ ਵਿਗਿਆਨੀ ਦੇਸ਼ ਵਿੱਚ ਨਵੀਂ ਖੇਤੀ ਨੀਤੀ ਲਾਗੂ ਕਰਨ ਲਈ ਵਿਚਾਰ ਪੇਸ਼ ਕਰ ਰਹੇ ਹਨ। ਕੁਝ ਸੂਬਾ ਸਰਕਾਰਾਂ ਵੀ ਇਸ ਮਾਮਲੇ 'ਚ ਪਹਿਲ ਕਦਮੀ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ। ਕਈ ਖੇਤੀ ਵਿਕਾਸ ਮਾਡਲ ਦੇਸ਼ ਵਿੱਚ ਸਾਹਮਣੇ ਆ ਰਹੇ ਹਨ। ਸਹਿਕਾਰੀ ਖੇਤੀ ਦਾ ਮਾਡਲ ਕੁਝ ਲੋਕਾਂ ਦਾ ਵਿਚਾਰ ਹੈ ਕਿ ਖੇਤੀ ਦੀ ਤਕਦੀਰ ਬਦਲ ਸਕਦਾ ਹੈ। ਕੁਝ ਮੁਲਕਾਂ 'ਚ ਇਸ ਮਾਡਲ ਨੂੰ ਲਾਗੂ ਕਰਕੇ ਚੰਗੇ ਸਿੱਟੇ ਵੀ ਕੱਢੇ ਜਾ ਚੁੱਕੇ ਹਨ।

ਵੱਡੀਆਂ ਕਾਰਪੋਰੇਟ, ਪ੍ਰਾਈਵੇਟ ਕੰਪਨੀਆਂ ਤਾਂ ਹਰ ਹੀਲੇ ਆਪਣੀ ਕਮਾਈ ਲਈ ਆਪਣੇ ਹਿੱਤ ਪੂਰਨਗੀਆਂ, ਪਰ ਸਹਿਕਾਰੀ ਮਾਡਲ, ਜਿਸ ਕਿਸਮ ਦਾ "ਅਮੂਲ ਦੁੱਧ ਉਤਪਾਦਨ" 'ਚ ਲਾਗੂ ਕੀਤਾ ਗਿਆ ਹੈ, ਕਿਸਾਨ ਹਿੱਤ 'ਚ ਹੋ ਸਕਦਾ ਹੈ। ਮੁੱਖ ਕੰਮ ਮੰਡੀਕਰਨ ਦਾ ਹੈ। ਅਗਲਾ ਕੰਮ ਨਿਰਯਾਤ ਹੋ ਸਕਦਾ ਹੈ।

ਕੁਝ ਸੁਝਾਅ ਇੰਜ ਹੋ ਸਕਦੇ ਹਨ:-

1) ਪਿੰਡਾਂ ਦੇ ਦੁੱਧ ਉਤਪਾਦਕਾਂ ਨੂੰ ਇੱਕ ਪਲੇਟਫਾਰਮ ਉਤੇ ਲਿਆਂਦਾ ਜਾਵੇ, ਉਹਨਾ ਦੀ ਬਣਾਈ ਸਹਿਕਾਰੀ ਸੁਸਾਇਟੀ ਦੇ ਮਾਲਕ ਉਹ ਆਪ ਹੋਣ, ਸਰਕਾਰ ਦਾ ਦਖ਼ਲ ਘੱਟੋ-ਘੱਟ ਹੋਵੇ।

2) ਪਿੰਡਾਂ 'ਚ ਹੱਥੀਂ ਕਿੱਤਾ ਸਿਖਲਾਈ ਕੇਂਦਰ ਹੋਣ ਜਿਥੇ ਔਰਤਾਂ ਨੂੰ ਰਿਵਾਇਤੀ ਸਿਲਾਈ, ਕਢਾਈ, ਬੁਣਾਈ ਵਸਤਾਂ ਤਿਆਰ ਕਰਾਉਣ ਤੇ ਵੇਚਣ ਦਾ ਪ੍ਰਬੰਧ ਹੋਵੇ। ਇਸਨੂੰ ਸਹਿਕਾਰੀ ਸੁਸਾਇਟੀ ਚਲਾਵੇ।

3) ਨੌਜਵਾਨਾਂ ਲਈ ਵੋਕੇਸ਼ਨ ਸਿੱਖਿਆ ਦਾ ਪਿੰਡ 'ਚ ਪ੍ਰਬੰਧ ਹੋਵੇ। ਖੇਤੀ ਅਧਾਰਤ ਛੋਟੇ ਉਦਯੋਗ ਚਲਾਉਣ ਲਈ ਸਿਖਲਾਈ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾਵੇ। ਛੋਟੇ ਉਦਯੋਗ, ਸੈਰ ਸਪਾਟਾ ਕੇਂਦਰ ਪਿੰਡਾਂ 'ਚ ਖੁਲ੍ਹਣ। ਹੋਟਲ ਆਦਿ ਉਸਾਰੇ ਜਾਣ। ਸਰਵਿਸ ਸੈਕਟਰ ਸੇਵਾਵਾਂ ਪਿੰਡਾਂ 'ਚ ਖੁਲ੍ਹਣ, ਜਿਥੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ।

4) ਪਿੰਡਾਂ 'ਚ ਕਿਸਾਨਾਂ ਤੇ ਹੋਰ ਲੋਕਾਂ ਲਈ ਚੰਗੀ ਪੜ੍ਹਾਈ, ਸਿਹਤ ਸਹੂਲਤਾਂ, ਖੇਡਾਂ, ਕਸਰਤਾਂ ਦਾ ਪ੍ਰਬੰਧ ਹੋਵੇ, ਜਿਸ 'ਚ ਪੇਂਡੂ ਨੌਜਵਾਨਾਂ ਨੂੰ ਟਰੇਨਿੰਗ ਦੇਕੇ, ਨੌਕਰੀਆਂ ਮੁਹੱਈਆ ਹੋਣ।

5) ਖੇਤੀ ਉਤਪਾਦਨ ਸਹਿਕਾਰੀ ਸੰਸਥਾ ਬਣਾਕੇ ਉਥੇ ਖੇਤੀ ਉਤਪਾਦਕਾਂ ਦੀ ਪੈਦਾਵਾਰ ਅਤੇ ਪ੍ਰੋਸੈਸਿੰਗ ਦਾ ਇੰਤਜ਼ਾਮ ਹੋਵੇ। ਡੇਅਰੀ (ਦੁੱਧ, ਪਨੀਰ ਆਦਿ) ਸੁੱਕੇ ਮੇਵੇ, ਫਲ, ਸਬਜੀਆਂ ਅਧਾਰਿਤ ਫਾਰਮ ਬਨਣ ਤਾਂ ਕਿ ਕਿਸਾਨ ਅਤੇ ਉਹਨਾ ਦੇ ਪਰਿਵਾਰ ਆਪਣੀ ਆਮਦਨ ਵਧਾ ਸਕਣ।

ਸਭ ਤੋਂ ਜ਼ਰੂਰੀ ਅਤੇ ਅਹਿਮ ਹੈ ਕਿ ਕਿਸਾਨਾਂ ਲਈ ਖੇਤੀ ਅਧਾਰਿਤ ਤਕਨੀਕੀ ਸੰਸਥਾ ਦਾ ਪ੍ਰਬੰਧ ਹੋਵੇ। ਜਿਸ ਵਿੱਚ ਮੰਡੀਕਰਨ, ਮੈਨੇਜਮੈਂਟ ਅਤੇ ਹੋਰ ਸਬੰਧਤ ਕੋਰਸ ਹੋਣ। ਇਹ ਕੋਰਸ ਕਿਸਾਨਾਂ ਨੂੰ ਸਰਕਾਰਾਂ ਤੱਕ ਪਹੁੰਚ, ਵਿਸ਼ਵ ਮੰਡੀਕਰਨ ਆਦਿ 'ਚ ਸਹਾਈ ਹੋ ਸਕਦੇ ਹਨ।

ਸਿਰਫ਼ ਸਰਕਾਰਾਂ ਗਾਹੇ-ਵਗਾਹੇ ਸਬਸਿਡੀਆਂ, ਰਾਹਤਾਂ ਨਾਲ ਵੋਟ ਬੈਂਕ ਵਟੋਰਨ ਦੇ ਯਤਨ ਕਰਦੀਆਂ ਹਨ। ਖੇਤਾਂ, ਖੇਤੀ, ਕਿਸਾਨਾਂ ਦਾ ਕੁਝ ਨਹੀਂ ਸੁਆਰ ਸਕਦੀਆਂ।

ਪਿਛਲੇ ਕੁਝ ਸਾਲਾਂ 'ਚ ਸਰਵਿਸ ਸੈਕਟਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਖੇਤੀ ਖੇਤਰ ਨੂ ਖੂੰਜੇ ਲਾ ਕੇ ਰਖਿਆ ਜਾ ਰਿਹਾ ਹੈ ਇਸ ਨਾਲ ਖੇਤੀ ਖੇਤਰ 'ਚ ਨਿਘਾਰ ਆਇਆ ਹੈ। ਇਹ ਕਦਾਚਿਤ ਵੀ ਦੇਸ਼ ਹਿੱਤ 'ਚ ਨਹੀਂ ਹੈ। ਕੀ ਖੇਤੀ ਤੋਂ ਪਾਸਾ ਵੱਟਕੇ ਦੇਸ਼ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਦਾ ਢਿੱਡ ਭਰ ਸਕੇਗਾ? ਕੀ ਕਾਰਪੋਰੇਟ ਸੈਕਟਰ ਹੱਥ ਖੇਤੀ ਦੀ ਲਗਾਮ ਫੜਾਕੇ ਮਹਿੰਗੇ ਭਾਅ ਦੀਆਂ ਚੀਜ਼ਾਂ ਲੋਕ ਖਰੀਦ ਸਕਣਗੇ?

ਅਸਲ ਵਿੱਚ ਤਾਂ ਜੇਕਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਹੈ, ਕਿਸਾਨ ਖੁਦਕੁਸ਼ੀਆਂ ਰੋਕਣੀਆਂ ਹਨ। ਤਾਂ ਲੋਕ-ਹਿਤੈਸ਼ੀ ਖੇਤੀ ਨੀਤੀ ਲਾਗੂ ਕਰਨੀ ਪਵੇਗੀ, ਜਿਸਦਾ ਧੁਰਾ ਸਹਿਕਾਰਤਾ ਹੋਵੇ। ਕਿਸਾਨਾਂ ਦੀ ਜਿਸ 'ਚ ਵੱਡੀ ਸ਼ਮੂਲੀਅਤ ਹੋਵੇ। ਦੇਸ਼ ਦੀਆਂ ਹੁਣ ਤੇ ਪਹਿਲੀਆਂ ਕੇਂਦਰੀ ਸਰਕਾਰਾਂ ਦੀ ਬੇਇਮਾਨੀ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਸਰਕਾਰ ਵਲੋਂ ਖੇਤੀ ਖੇਤਰ ਲਈ ਸਥਾਪਿਤ ਡਾ: ਸੁਬਰਮਾਨੀਅਮ ਸੁਆਮੀ ਦੀ ਰਿਪੋਰਟ ਹੁਣ ਤੱਕ ਵੀ ਲਾਗੂ ਨਹੀਂ ਕੀਤੀ ਗਈ, ਜਿਹੜੀ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਕਿਸਾਨਾਂ, ਉਹਨਾ ਦੇ ਪਰਿਵਾਰਾਂ ਵਲੋਂ ਕੀਤੀ ਕਿਰਤ ਦਾ ਮੁੱਲ ਪਾਉਣ ਅਤੇ ਉਸ ਉਤੇ ਕੁਝ ਮੁਨਾਫਾ ਦੇਣ ਦੀ ਗੱਲ ਕਰਦੀ ਹੈ।

ਜਦ ਤਕ ਕਿਸਾਨਾਂ ਨੂੰ ਆਪਣੀ ਕਿਰਤ ਦਾ ਮੁੱਲ ਹੀ ਨਹੀਂ ਮਿਲੇਗਾ, ਉਸ ਦੀਆਂ ਫ਼ਸਲਾਂ 'ਤੇ ਲਾਗਤ ਕੀਮਤ ਉਤੇ ਕੁਝ ਵਾਧਾ ਨਹੀਂ ਮਿਲੇਗਾ, ਤਾਂ ਫਿਰ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਿਵੇਂ ਹੋਵੇਗਾ?

ਤੇ ਕਿਵੇਂ ਕਿਸਾਨਾਂ ਦੀ ਪੰਜ ਸਾਲਾਂ 'ਚ ਆਮਦਨ ਦੁੱਗਣੀ ਹੋਣ ਦਾ ਸੁਪਨਾ ਸਾਕਾਰ ਹੋਏਗਾ?

### ਐੱਫਰਡੇਬਲ ਘਰ ਮੁਹਈਆ ਕਰਵਾਉਣ ਵਾਸਤੇ

# ਸਿਟੀ ਟੈਕਸਾਂ ਵਿੱਚ ਜ਼ਬਰਦਸਤ ਸੁਧਾਰਾਂ ਦੀ ਲੋੜ






ਇਸ ਸਮੇਂ ਦੇਸ਼ ਭਰ ਵਿੱਚ ਲੋਕਾਂ ਵਾਸਤੇ ਪਹਿਲੀ ਬਾਰ ਘਰ ਖ਼ਰੀਦਣਾ ਬੇਹੱਦ ਮੁਸ਼ਕਿਲ ਹੋ ਚੁੱਕਿਆ ਹੈ। ਇਕ ਪਾਸੇ ਦੇਸ਼ ਦੀ ਅਬਾਦੀ ਵਧ ਰਹੀ ਹੈ, ਫੈਡਰਲ ਇਮਿਗ੍ਰੇਸ਼ਨ ਮਹਿਕਮਾ ਸਾਲ 2025 ਤੋਂ ਬਾਦ ਹਰ ਸਾਲ 5 ਲੱਖ ਲੋਕ ਕੈਨੇਡਾ ਵਿੱਚ ਲਿਆਉਣ ਲਈ ਪੱਬਾਂ ਭਾਰ ਹੈ ਤੇ ਅਜਿਹੇ ਵਿੱਚ ਘਰ ਮਹਿੰਗੇ ਹੋ ਰਹੇ ਹਨ। ਘਰਾਂ ਦੀ ਸਪਲਾਈ ਘਟ ਗਈ ਹੈ ਤੇ ਮੰਗ ਵਧ ਗਈ ਹੈ ਜਿਸ ਕਰਕੇ ਅਰਥਸ਼ਾਸਤਰ ਦੇ ਨਿਯਮ ਅਨੁਸਾਰ ਘਰ ਖ਼ਰੀਦਣਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ।

ਬੈਂਕ ਔਫ਼ ਕੈਨੇਡਾ ਨੇ ਪਿਛਲੇ ਸਾਲ ਤੋਂ ਲੈ ਕੇ ਹੁਣ ਤੱਕ 9 ਵਾਰ ਵਿਆਜ ਦਰਾਂ ਵਿੱਚ ਵਾਧਾ ਕਰ ਦਿੱਤਾ ਹੈ ਤੇ ਇਹ ਵਿਆਜ ਦਰ ਹੁਣ ਵਧ ਕੇ 4.75% 'ਤੇ ਆ ਗਈ ਹੈ। ਇਸ ਨਾਲ ਲੋਕਾਂ ਦੀ ਖ਼ਰੀਦ ਸ਼ਕਤੀ ਹੋਰ ਵੀ ਘਟ ਗਈ ਹੈ। ਵੈਨਕੂਵਰ ਅਤੇ ਟੋਰੰਟੋ ਤੋਂ ਬਾਦ ਕੈਲਗਰੀ ਤੀਜਾ ਸ਼ਹਿਰ ਬਣ ਗਿਆ ਹੈ ਜਿਥੇ ਅੰਤਰਰਾਜੀ ਪ੍ਰਵਾਸੀਆਂ ਦੇ ਨਾਲ ਨਾਲ ਅੰਤਰਰਾਸ਼ਟਰੀ ਪ੍ਰਵਾਸੀਆਂ ਦੀ ਆਮਦ ਤੇਜ਼ ਹੁੰਦੀ ਜਾ ਰਹੀ ਹੈ।

ਅਜਿਹੇ ਵਿੱਚ ਲੋਕਾਂ ਨੂੰ ਅਫੌਰਡੇਬਲ (ਵਿੱਤ ਮੂਜਬ) ਘਰ ਮੁਹਈਆ ਕਰਵਾਉਣ ਵਾਸਤੇ ਕੁਝ ਟੈਕਸ ਸੁਧਾਰਾਂ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਕਈ ਮਿਉਨਿਸਪੈਲਟੀਆਂ ਵੱਲੋਂ ਘਰ ਬਣਾਉਣ ਵਾਲੇ ਬਿਲਡਰਾਂ ਕੋਲੋਂ ਫਲੈਟ ਫੀਸ ਵਸੂਲ ਕੀਤੀ ਜਾਂਦੀ ਹੈ ਭਾਵੇਂ ਕਿ ਘਰ ਕਿੰਨੀ ਵੀ ਕੀਮਤ ਦਾ ਹੋਵੇ। ਹੋਣਾ ਇਹ ਚਾਹੀਦਾ ਹੈ ਕਿ ਘਰ ਦੀ ਕੀਮਤ ਦੇ ਹਿਸਾਬ ਨਾਲ ਬਿਲਡਰ ਕੋਲੋਂ ਟੈਕਸ ਵਸੂਲ ਕੀਤਾ ਜਾਵੇ। ਵੱਡੇ ਅਤੇ ਲ਼ਗਜ਼ਰੀ ਘਰਾਂ ਤੋਂ ਵੱਧ ਅਤੇ ਛੋਟੇ ਅਤੇ ਸਧਾਰਨ ਘਰਾਂ ਤੋਂ ਘੱਟ ਟੈਕਸ ਵਸੂਲ ਕੀਤਾ ਜਾਵੇ। ਇਸ ਨਾਲ ਡਿਵੈਲਪਰ ਦਾ ਪ੍ਰੌਫਿਟ ਇਨਸੈਂਟਿਵ ਘੱਟ ਕੀਮਤ ਵਾਲੇ ਘਰ ਉਸਾਰਨ ਵੱਲ ਲਗਾਇਆ ਜਾ ਸਕੇਗਾ।

ਟੋਰੰਟੋ ਵਿੱਚ ਸਾਲ 2018 ਵਿੱਚ 5 ਲੱਖ ਡਾਲਰ ਕੀਮਤ ਦੇ ਟਾਊਨ-ਹਾਊਸ ਉੱਪਰ 30 ਹਜ਼ਾਰ ਡਾਲਰ ਟੈਕਸ ਵਸੂਲਿਆ ਜਾ ਰਿਹਾ ਸੀ ਤੇ 15 ਲੱਖ ਡਾਲਰ ਕੀਮਤ ਦੇ ਲ਼ਗਜ਼ਰੀ ਕੌਂਡੋ ਤੋਂ ਵੀ 30 ਹਜ਼ਾਰ ਡਾਲਰ ਹੀ ਵਸੂਲ ਕੀਤੇ ਜਾ ਰਹੇ ਸਨ। ਬਹੁਤੇ ਸ਼ਹਿਰ ਕਿਸੇ ਵੀ ਘਰ ਦੀ ਕੀਮਤ ਵੱਲ ਧਿਆਨ ਦਿੱਤੇ ਬਿਨਾ ਇਕਮੁਸ਼ਤ ਟੈਕਸ ਉਗਰਾਹੀ ਕਰ ਰਹੇ ਹਨ। ਇਸ ਨਾਲ ਡਿਵੈਲਪਰ ਦੀ ਵੀ ਕੋਸ਼ਿਸ਼ ਹੁੰਦੀ ਹੈ ਕਿ ਉਹ ਵੱਡੇ, ਆਲੀਸ਼ਾਨ ਤੇ ਮਹਿੰਗੇ ਘਰ ਬਣਾਵੇ। ਸਸਤੇ ਘਰ ਬਣਾਉਣ ਵੱਲ ਉਸ ਦੀ ਦਿਲਚਸਪੀ ਘਟ ਜਾਵੇਗੀ ਕਿਉਂਕਿ ਫਲੈਟ ਟੈਕਸ ਦੇਣ ਨਾਲ ਉਸ ਦਾ ਲਾਭ-ਅੰਤਰ (ਪ੍ਰੌਫਿਟ ਮਾਰਜਿਨ) ਘਟ ਜਾਵੇਗਾ।

ਸਰਕਾਰਾਂ ਦੀਆਂ ਫੀਸਾਂ ਇਸ ਕਰਕੇ ਵੀ ਜ਼ਰੂਰੀ ਹਨ ਕਿ ਉਹਨਾਂ ਨੇ ਮਿਉਨਿਸਪੈਲਟੀਆਂ ਨੂੰ ਸਰਵਿਸਿਜ਼ ਦੇਣ ਬਦਲੇ ਫੰਡ ਜਾਰੀ ਕਰਨੇ ਹੁੰਦੇ ਹਨ। ਪਰ ਅਜਿਹਾ ਕਰਨ ਬਦਲੇ ਜੇ ਰੇਟ ਸਿਸਟਮ ਲਿਆਂਦਾ ਜਾਵੇ ਤਾਂ ਇਸ ਨਾਲ ਡਿਵੈਲਪਰ ਨੂੰ ਵੀ ਫਾਇਦਾ ਹੋਵੇਗਾ ਤੇ ਮਿਉਨਿਸਪੈਲਟੀਆਂ ਵੀ ਲੋੜੀਂਦਾ ਟੈਕਸ ਉਗਰਾਹ ਸਕਣਗੀਆਂ।

ਡਿਵੈਲਪਮੈਂਟ ਚਾਰਜ ਲੈਣ ਵੇਲੇ ਪਹਿਲਾਂ ਇਹ ਦੇਖਿਆ ਜਾਂਦਾ ਹੈ ਕਿ ਸਿਟੀ ਨੂੰ ਕਿੰਨੀ ਰਕਮ ਦੀ ਲੋੜ ਹੈ, ਫਿਰ ਉਸ ਰਕਮ ਨੂੰ ਉਸਾਰੇ ਜਾਣ ਵਾਲੇ ਘਰਾਂ ਵਿੱਚ ਬਰਾਬਰ ਤਕਸੀਮ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਜੇ ਸਿਟੀ ਨੂੰ 100 ਮਿਲੀਅਨ ਡਾਲਰ ਦੀ ਲੋੜ ਹੈ ਤੇ ਉਹਨਾਂ ਨੂੰ ਲੱਗਦਾ ਹੈ ਕਿ 2000 ਨਵੇਂ ਘਰ ਉਸਾਰੇ ਜਾਣੇ ਹਨ ਤਾਂ ਹਰੇਕ ਘਰ ਤੋਂ 5 ਹਜ਼ਾਰ ਡਾਲਰ ਵਸੂਲ ਕੀਤੇ ਜਾਣਗੇ। ਇਥੇ ਵੱਡੇ, ਆਲੀਸ਼ਾਨ ਅਤੇ ਲ਼ਗਜ਼ਰੀ ਘਰਾਂ ਤੋਂ ਵੱਧ ਅਤੇ ਛੋਟੇ ਤੇ ਸਧਾਰਨ ਘਰਾਂ ਤੋਂ ਘੱਟ ਟੈਕਸ ਵਸੂਲਣ ਦੀ ਲੋੜ ਹੈ। ਸਿਸਟਮ ਨੂੰ ਪ੍ਰੋਗਰੈਸਿਵ ਬਣਾਏ ਜਾਣ ਦੀ ਲੋੜ ਹੈ। ਪ੍ਰਤੀਸ਼ਤ ਦੇ ਅਧਾਰ 'ਤੇ ਟੈਕਸ ਵਸੂਲ ਕੇ ਸਿਟੀ ਆਪਣੀ ਆਮਦਨੀ ਵੀ ਬਰਕਰਾਰ ਰੱਖ ਸਕਦੀ ਹੈ ਤੇ ਲੋਕਾਂ ਨੂੰ ਘਰ ਵੀ ਸਸਤੇ ਮਿਲ ਸਕਦੇ ਹਨ। ਡਿਵੈਲਪਰ ਨੂੰ ਰਾਹਤ ਦੇਣ ਦੇ ਨਾਲ ਨਾਲ, ਪਹਿਲੀ ਵਾਰ ਘਰ ਖ਼ਰੀਦਣ ਵਾਲੇ ਵਾਸਤੇ ਟੈਕਸ ਕ੍ਰੈਡਿਟ ਦਿੱਤੇ ਜਾਣ ਦੀ ਵੀ ਲੋੜ ਹੈ। ਇਨਵੈਸਟਮੈਂਟ ਪ੍ਰੌਪਰਟੀ ਖ਼ਰੀਦਣ ਵਾਲਿਆਂ ਕੋਲੋਂ ਵੱਧ ਟੈਕਸ ਵਸੂਲੀ ਹੋਣੀ ਚਾਹੀਦੀ ਹੈ। ਉਸ ਨੂੰ ਕਮਰਸ਼ੀਅਲ ਕੈਟੇਗਰੀ ਵਿੱਚ ਲਿਆਂਦਾ ਜਾ ਸਕਦਾ ਹੈ। ਕਿਰਾਏਦਾਰਾਂ ਦੀ ਹੋ ਰਹੀ ਲੁੱਟ ਖਸੁੱਟ ਨੂੰ ਰੋਕਣ ਵਾਸਤੇ ਵੀ ਨਜ਼ਰਸਾਨੀ ਪ੍ਰੋਗਰਾਮ ਹੋਣਾ ਚਾਹੀਦਾ ਹੈ। ਕਿਰਾਏਦਾਰਾਂ ਉੱਪਰ ਵੀ ਨਜ਼ਰ ਰੱਖੇ ਜਾਣ ਦੀ ਬਹੁਤ ਜ਼ਿਆਦਾ ਲੋੜ ਹੈ।

ਸਰਕਾਰਾਂ ਨੂੰ ਸਿਰਫ ਆਪਣੀ ਆਮਦਨੀ ਚੋਖੇ ਕਰਨ ਦੇ ਢੰਗ ਇਜਾਦ ਕਰਨ ਦੀ ਲੋੜ ਨਹੀਂ ਸਗੋਂ ਲੋਕਾਂ ਨੂੰ ਰਾਹਤ ਤੇ ਉਹਨਾਂ ਦੇ ਵਿੱਤ ਮੂਜਬ ਘਰ ਖ਼ਰੀਦਣ ਵਿੱਚ ਮਦੱਦ ਕਰਨ ਦੀ ਵੀ ਲੋੜ ਹੈ। ਟੈਕਸ ਸੁਧਾਰਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Edmonton**
Parminder Singh Balluana
780-258-5800
780 599 2000
Email: balluana.parminder@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

### ਸਰੀ ਗੁਰੂਦਵਾਰਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਮਾਮਲਾ

# ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ ਅਨੁਸਾਰ ਭਾਰਤ ਦੀ ਵਿਦੇਸ਼ੀ ਦਖਲਅੰਦਾਜ਼ੀ ਦੀ ਭੂਮਿਕਾ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸ?) ਨੇ ਕੈਨੇਡਾ ਦੇ ਖੁਫ਼ੀਆ ਤੰਤਰ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਪੂਰੀ ਤਰ੍ਹਾਂ ਜਾਂਚ ਕਰਨ ਲਈ ਕਿਹਾ ਹੈ, ਜਿਸ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੀ ਭੂਮਿਕਾ ਖਾਸ ਤੌਰ 'ਤੇ ਭਾਰਤ ਤੋਂ ਵੀ ਸ਼ਾਮਲ ਹੈ।ਹਰਦੀਪ ਸਿੰਘ ਨਿੱਝਰ ਦੀ 18 ਜੂਨ 2023 ਦੀ ਰਾਤ ਸਰੀ ਬੀਸੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀਬਾਰੀ ਕਰਕੇ ਹੱਤਿਆ ਕਰ ਦਿੱਤੀ ਗਈ ਸੀ। ਨਿੱਝਰ ਗੁਰਦੁਆਰੇ ਦਾ ਪ੍ਰਧਾਨ ਅਤੇ ਖਾਲਿਸਤਾਨ ਦਾ ਪ੍ਰਚੰਡ ਸਮਰਥਕ ਸੀ। ਉਹ ਅਕਸਰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਖਾਲਿਸਤਾਨ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਕਰਦਾ ਹੈ।

ਭਾਰਤ ਸਰਕਾਰ ਦੀ ਨੈਸ਼ਨਲ ਇੰਟੈਲੀਜੈਂਸ ਏਜੰਸੀ ਨੇ ਜੁਲਾਈ 2022 ਵਿੱਚ ਉਸਦੇ ਫੜੇ ਜਾਣ ਲਈ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਨਿੱਝਰ ਨੇ ਕਿਸੇ ਵੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਸਨੂੰ ਖਾਲਿਸਤਾਨ ਦੇ ਸਮਰਥਨ ਵਿੱਚ ਉਸਦੀ ਵਕਾਲਤ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਨਿੱਝਰ ਨੂੰ ਭਾਰਤ ਦੀ 'ਕਾਲੀ ਸੂਚੀ' ਵਿੱਚ ਰੱਖਿਆ ਗਿਆ ਸੀ ਅਤੇ ਭਾਰਤੀ ਅਧਿਕਾਰੀਆਂ ਨੇ ਉਸ ਦੀ ਸਰਗਰਮੀ ਦੀ ਸਜ਼ਾ ਵੱਜੋਂ, ਪੰਜਾਬ ਵਿਚ ਉਸ ਦੇ ਜੱਦੀ ਪਿੰਡ ਵਿਚਲੀ ਜ਼ਮੀਨ ਨੂੰ ਜ਼ਬਤ ਕਰ ਲਿਆ ਸੀ। ਨਿੱਝਰ ਨੇ ਕਈ ਮਹੀਨਿਆਂ ਤੋਂ ਜਨਤਕ ਤੌਰ 'ਤੇ ਆਪਣੀ ਜਾਨ ਨੂੰ ਖਤਰੇ ਦੀ ਗੱਲ ਕੀਤੀ ਸੀ ਅਤੇ ਕਿਹਾ ਸੀ ਕਿ ਉਸ ਨੂੰ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਨਿਸ਼ਾਨਾ ਬਣਾਇਆ ਜਾਵੇਗਾ। ਕੈਨੇਡੀਅਨ ਸੁਰੱਖਿਆ ਅਤੇ ਖੁਫੀਆ ਸੇਵਾ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਨਿੱਝਰ ਦੇ ਨਾਲ-ਨਾਲ ਕੈਨੇਡਾ ਵਿੱਚ ਹੋਰ ਸਿੱਖ ਕਾਰਕੁਨਾਂ ਲਈ ਖਤਰੇ ਤੋਂ ਜਾਣੂ ਸਨ।ਨਿੱਝਰ ਦੀ ਹੱਤਿਆ ਹਾਲ ਹੀ ਦੇ ਮਹੀਨਿਆਂ ਵਿੱਚ ਹੋਰ ਖਾਲਿਸਤਾਨੀ ਕਾਰਕੁਨਾਂ ਦੀ ਹੱਤਿਆ ਤੋਂ ਬਾਅਦ ਹੋਈ ਹੈ। ਪਿਛਲੇ ਹਫਤੇ ਯੂ ਕੇ ਵਿੱਚ ਉੱਘੇ ਖਾਲਿਸਤਾਨੀ ਕਾਰਕੁਨ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਸੀ। ਭਾਰਤੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਖੰਡਾ ਨੂੰ ਜ਼ਹਿਰ ਦਿੱਤਾ ਗਿਆ ਸੀ। ਮਈ ਵਿੱਚ, ਇੱਕ ਹੋਰ



ਪ੍ਰਮੁੱਖ ਖਾਲਿਸਤਾਨੀ ਕਾਰਕੁਨ, ਪਰਮਜੀਤ ਸਿੰਘ ਪੰਜਵੜ, ਲਾਹੌਰ, ਪਾਕਿਸਤਾਨ ਵਿੱਚ ਗੋਲੀਬਾਰੀ ਵਿੱਚ ਮਾਰਿਆ ਗਿਆ ਸੀ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ "ਹਰਦੀਪ ਸਿੰਘ ਨਿੱਝਰ ਦਾ ਕਤਲ ਕੈਨੇਡਾ ਵਿੱਚ ਸਿੱਖਾਂ ਲਈ ਗੰਭੀਰ ਚਿੰਤਾਜਨਕ ਹੈ। ਨਿੱਝਰ ਨੇ ਖੁੱਲ੍ਹੇਆਮ ਅਤੇ ਵਾਰ-ਵਾਰ ਕਿਹਾ ਸੀ ਕਿ ਉਸ ਨੂੰ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਇਸ ਬਾਰੇ ਸੀਐਸਆਈਐਸ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਜਾਣੂ ਕਰਵਾਇਆ ਗਿਆ ਸੀ। ਇਹ ਤੱਥ ਕਿ ਉਸ ਦੀ ਇਸ ਤਰੀਕੇ ਨਾਲ ਹੱਤਿਆ ਕੀਤੀ ਗਈ ਸੀ, ਇਹਨਾਂ ਸੰਸਥਾਵਾਂ ਦੀ ਕਿਸੇ ਅਜਿਹੇ ਵਿਅਕਤੀ ਨੂੰ ਸੁਰੱਖਿਆ ਪ੍ਰਦਾਨ ਕਰਨ ਵਿੱਚ ਅਸਫਲਤਾ ਹੈ ਜਿਸਨੂੰ ਉਹ ਜਾਣਦੇ ਸਨ ਕਿ ਨਿਸ਼ਾਨਾ ਬਣਾਇਆ ਜਾਵੇਗਾ। ਭਾਰਤ ਦੀ ਵਿਦੇਸ਼ੀ ਦਖਲਅੰਦਾਜ਼ੀ ਦੀ ਭੂਮਿਕਾ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਅਪਰਾਧ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਜ਼ੁਲਮ ਕਾਰਨ ਹਜ਼ਾਰਾਂ ਸਿੱਖ ਭਾਰਤ ਤੋਂ ਭੱਜ ਗਏ ਹਨ। ਭਾਰਤ ਦਾ 'ਰਾਸ਼ਟਰ-ਵਿਰੋਧੀ' ਹੋਣ ਦਾ ਦੋਸ਼ ਲਗਾਉਣ ਵਾਲੇ ਵਿਅਕਤੀਆਂ ਨੂੰ ਗੈਰ-ਨਿਆਇਕ ਤੌਰ 'ਤੇ ਕਤਲ ਕਰਨ ਦਾ ਲੰਬਾ ਰਿਕਾਰਡ ਰਿਹਾ ਹੈ, ਪਰ ਕੈਨੇਡਾ ਵਿੱਚ ਅਜਿਹਾ ਹੁੰਦਾ ਦੇਖਣਾ ਸਾਡੇ ਭਾਈਚਾਰੇ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ ਅਤੇ ਸਾਰੇ ਕੈਨੇਡੀਅਨਾਂ, ਸੁਰੱਖਿਆ-ਖੁਫੀਆ ਸੰਸਥਾਵਾਂ,ਸਾਡੀ ਸਰਕਾਰ ਅਤੇ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਭਾਵੇਂ ਇਸ ਕਤਲ ਦਾ ਮਕਸਦ ਸਿੱਖਾਂ ਦੇ ਦਿਲਾਂ ਵਿਚ ਡਰ ਪੈਦਾ ਕਰਨਾ ਸੀ ਪਰ ਇਸ ਦਾ ਉਲਟਾ ਅਸਰ ਹੋਵੇਗਾ। ਸਿੱਖ ਖਾਲਿਸਤਾਨ ਲਈ ਅਤੇ ਭਾਰਤੀ ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਨਿਡਰਤਾ ਨਾਲ ਵਕਾਲਤ ਕਰਦੇ ਰਹਿਣਗੇ, ਜਿਵੇਂ ਕਿ ਉਨ੍ਹਾਂ ਨੂੰ ਕਰਨ ਦਾ ਅਧਿਕਾਰ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸ?) ਇੱਕ ਗੈਰ-ਮੁਨਾਫ਼ਾ ਸੰਸਥਾ ਹੈ ਜਿਸਦਾ ਆਦੇਸ਼ ਕੈਨੇਡੀਅਨ ਸਿੱਖਾਂ ਦੇ ਹਿੱਤਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਰੱਖਿਆ ਕਰਨ ਦੇ ਨਾਲ-ਨਾਲ ਸਾਰੇ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਪ੍ਰਚਾਰ ਅਤੇ ਵਕਾਲਤ ਕਰਨ ਲਈ ਹੈ।

# ਟਰੂਡੋ ਦੇ 25 ਮਿੰਟ ਦੇ ਭਾਸ਼ਣ ਦੌਰਾਨ ਯੂਕਰੇਨ ਰਾਸ਼ਟਰਪਤੀ ਜੈਲੇਂਸਕੀ ਨੇ ਕਈ ਵਾਰ ਤਾੜੀਆਂ ਮਾਰੀਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਨੇ ਡੇਢ ਸਾਲ ਤੋਂ ਟੋਰਾਂਟੋ ਹਵਾਈ ਅੱਡੇ 'ਤੇ ਖੜ੍ਹੇ ਰੂਸ ਦੇ ਵੱਡੇ ਮਾਲਵਾਹਕ ਜਹਾਜ਼ ਐਂਟਨੋਵ-124 ਨੂੰ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ। ਫਰਵਰੀ 2022 'ਚ ਕੈਨੇਡਾ ਵੱਲੋਂ ਆਪਣੇ ਹਵਾਈ ਖੇਤਰ 'ਚ ਰੂਸ ਦੇ ਜਹਾਜ਼ਾਂ ਉੱਤੇ ਲਾਈਆਂ ਪਾਬੰਦੀਆਂ ਦੌਰਾਨ ਇਹ ਜਹਾਜ਼ ਟੋਰਾਂਟੋ ਉਤਾਰਿਆ ਗਿਆ ਸੀ ਤੇ ਉਦੋਂ ਤੋਂ ਇੱਥੇ ਖੜ੍ਹਾ ਹੈ। ਸਰਕਾਰੀ ਬੁਲਾਰੇ ਅਨੁਸਾਰ ਇਹ ਕਾਰਵਾਈ ਯੂਕਰੇਨ ਦੀ ਮੱਦਦ ਅਤੇ ਰੂਸ ਦੇ ਵਿਰੋਧ ਦੇ ਪ੍ਰਗਟਾਵੇ ਵਜੋਂ ਕੀਤੀ ਗਈ ਹੈ ਜੋ ਰੂਸ ਉੱਤੇ ਦਬਾਅ ਬਣਾਉਣ ਦੇ ਯਤਨਾਂ ਦੀ ਹੀ ਇੱਕ ਕੜੀ ਹੈ। ਇਸੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਚਨਚੇਤੀ ਯੂਕਰੇਨ ਦੀ ਰਾਜਧਾਨੀ ਕੀਵ ਪਹੁੰਚੇ ਅਤੇ ਉਨਾਂ ਯੂਕਰੇਨ ਨੂੰ ਹਥਿਆਰ ਖਰੀਦਣ ਲਈ ਹੋਰ 50 ਮਿਲੀਅਨ ਡਾਲਰ ਮੱਦਦ ਵੱਜੋਂ ਦੇਣ ਦਾ ਐਲਾਨ ਕੀਤਾ। ਉਨ੍ਹਾਂ ਯੂਕਰੇਨ ਵੱਲੋਂ ਰੂਸ ਦੇ ਦਬਾਅ ਮੂਹਰੇ ਨਾ ਝੁਕਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਸਲ 'ਚ ਯੂਕਰੇਨ ਦੁਨੀਆ ਦੇ ਭਵਿੱਖ ਦੀ ਲੜਾਈ ਲੜ ਰਿਹਾ ਹੈ ਅਤੇ ਸਾਰੇ ਦੇਸ਼ਾਂ ਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਉੱਥੋਂ ਦੀ ਸੰਸਦ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਖਿੱਤੇ 'ਚ ਸ਼ਾਂਤੀ ਹੋਵੇ, ਪਰ ਯੂਕਰੇਨ ਦੀਆਂ ਸ਼ਰਤਾਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਟਰੂਡੋ ਦੇ 25 ਮਿੰਟ ਦੇ ਭਾਸ਼ਣ ਦੌਰਾਨ ਰਾਸ਼ਟਰਪਤੀ ਜੈਲੇਂਸਕੀ ਨੇ ਕਈ ਵਾਰ ਤਾੜੀਆਂ ਮਾਰੀਆਂ। ਜਸਟਿਨ ਟਰੂਡੋ ਦੇ ਸਵਾਗਤ ਵੱਜੋਂ ਉੱਥੋਂ ਦੇ ਕੁੱਝ ਸੰਸਦ ਮੈਂਬਰਾਂ ਨੇ ਹੱਥਾਂ ਵਿੱਚ ਕੈਨੇਡੀਅਨ ਝੰਡੇ ਸਨ, ਜਿਨ੍ਹਾਂ ਨੂੰ ਲਹਿਰਾ ਕੇ ਤਸੱਲੀ ਦਾ ਪ੍ਰਗਟਾਵਾ ਕਰ ਰਹੇ ਸਨ। ਟਰੂਡੋ ਨੇ ਯੂਕਰੇਨ ਸਰਕਾਰ ਨੂੰ ਭਰੋਸਾ ਦੁਆਇਆ ਕਿ ਕੈਨੇਡਾ ਸ਼ੁਰੂ ਤੋਂ ਯੂਕਰੇਨ ਨਾਲ ਖੜ੍ਹਦਾ ਆਇਆ ਹੈ ਤੇ ਅੱਗੇ ਵੀ ਜੰਗ ਚਾਹੇ ਕਿੰਨੀ ਲੰਬੀ ਕਿਉਂ ਨਾ ਹੋ ਜਾਏ, ਕੈਨੇਡਾ ਚੱਟਾਨ ਵਾਂਗ ਉਸ ਨਾਲ ਖੜ੍ਹਾ ਰਹੇਗਾ।



# ਜਦੋਂ ਪੰਜਾਬੀ ਦੇ ਟਰੱਕ ਵਿਚ ਬੈਠਕੇ ਰਾਹੁਲ ਗਾਂਧੀ ਨੇ ਸਿੱਧੂ ਮੂਸੇਵਾਲੇ ਦਾ ਗੀਤ ਸੁਣਿਆ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ) ਚੰਡੀਗੜ੍ਹ ਤੋਂ ਬਾਅਦ ਰਾਹੁਲ ਗਾਂਧੀ ਨੇ ਅਮਰੀਕਾ ਵਿੱਚ ਵੀ ਟਰੱਕ ਦੀ ਸਵਾਰੀ ਕੀਤੀ। ਰਾਹੁਲ ਨੇ ਟਰੱਕ ਰਾਹੀਂ ਵਾਸ਼ਿੰਗਟਨ ਤੋਂ ਨਿਊਯਾਰਕ ਤੱਕ 190 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਉਨ੍ਹਾਂ ਨੇ ਇਸ ਦੀ ਵੀਡੀ? ਵੀ ਸ਼ੇਅਰ ਕੀਤੀ ਹੈ। ਰਾਹੁਲ ਨੇ ਭਾਰਤੀ ਮੂਲ ਦੇ ਟਰੱਕ ਡਰਾਈਵਰ ਤਜਿੰਦਰ ਸਿੰਘ ਨਾਲ ਸਿਆਸਤ ਤੋਂ ਲੈ ਕੇ ਮਹਿੰਗਾਈ ਤੱਕ ਦੇ ਮੁੱਦਿਆਂ 'ਤੇ ਚਰਚਾ ਕੀਤੀ। ਯਾਤਰਾ ਦੌਰਾਨ ਰਾਹੁਲ ਨੇ ਸਿੱਧੂ ਮੂਸੇਵਾਲਾ ਦਾ ਗੀਤ ਵੀ ਸੁਣਿਆ। ਵਰਨਣਯੋਗ ਹੈ ਕਿ ਰਾਹੁਲ ਗਾਂਧੀ ਅਮਰੀਕਾ ਦੇ ਦੌਰੇ 'ਤੇ ਆਏ ਸਨ । ਰਾਹੁਲ ਨੇ ਕਿਹਾ- ਅਮਰੀਕਾ ਦੇ ਟਰੱਕ ਭਾਰਤ ਦੇ ਮੁਕਾਬਲੇ ਜ਼ਿਆਦਾ ਆਰਾਮਦਾਇਕ ਹਨ। ਭਾਰਤ ਵਿੱਚ ਟਰੱਕ ਡਰਾਈਵਰ ਦੇ ਆਰਾਮ ਦੀ ਪਰਵਾਹ ਨਹੀਂ ਕੀਤੀ ਜਾਂਦੀ ਟਰੱਕ ਦੀ ਸਵਾਰੀ ਦੌਰਾਨ



ਰਾਹੁਲ ਨੇ ਤਜਿੰਦਰ ਸਿੰਘ ਤੋਂ ਉਸ ਦੀ ਕਮਾਈ ਬਾਰੇ ਪੁੱਛਿਆ । ਤਜਿੰਦਰ ਨੇ ਰਾਹੁਲ ਨੂੰ ਦੱਸਿਆ ਕਿ ਭਾਰਤ ਦੇ ਟਰੱਕ ਡਰਾਈਵਰਾਂ ਦੇ ਮੁਕਾਬਲੇ ਉਹ ਬਹੁਤ ਕਮਾਈ ਕਰਦੇ ਹਨ। ਤਜਿੰਦਰ ਨੇ ਕਿਹਾ-ਰੇਟ ਦੇ ਹਿਸਾਬ ਨਾਲ ਟਰੱਕ ਚਲਾਉਂਦੇ ਹਨ ਤਾਂ ਭਾਰਤੀ ਰੁਪਈਆਂ 'ਚ 5 ਤੋਂ 6 ਲੱਖ ਰੁਪਏ ਮਹੀਨੇ ਦੇ ਬਣ ਜਾਂਦੇ ਹਨ।

ਦੂਜੇ ਪਾਸੇ, ਜੇਕਰ ਤੁਹਾਡੇ ਕੋਲ ਆਪਣਾ ਟਰੱਕ ਹੈ, ਤਾਂ ਤੁਸੀਂ ਇੱਕ ਮਹੀਨੇ ਵਿੱਚ 8 ਲੱਖ ਰੁਪਏ ਤੱਕ ਕਮਾ ਸਕਦੇ ਹੋ। ਇਹ ਜਵਾਬ ਸੁਣ ਕੇ ਰਾਹੁਲ ਹੈਰਾਨ ਰਹਿ ਗਏ। ਇਸ 'ਤੇ ਤਜਿੰਦਰ ਦਾ ਕਹਿਣਾ ਸੀ ਕਿ ਅਮਰੀਕਾ 'ਚ ਟਰੱਕ ਚਲਾ ਕੇ ਕਾਫੀ ਕਮਾਈ ਕੀਤੀ ਜਾ ਸਕਦੀ ਹੈ, ਜਦਕਿ ਭਾਰਤ 'ਚ ਟਰੱਕ ਡਰਾਈਵਰ ਮੁਸ਼ਕਿਲ ਨਾਲ ਆਪਣੇ ਪਰਿਵਾਰ ਦਾ ਢਿੱਡ ਭਰਨ ਦੇ ਸਮਰੱਥ ਹੁੰਦਾ ਹੈ

# ਪੁਸਤਕ ਮੇਲੇ ਵਿੱਚੋਂ ਹਰ ਵਰਗ ਦੇ ਪਾਠਕਾਂ ਨੇ ਭਾਰੀ ਉਤਸ਼ਾਹ ਨਾਲ਼ ਪੁਸਤਕਾਂ ਖਰੀਦੀਆਂ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਐਤਵਾਰ 11 ਜੂਨ, 2023 ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ ।ਸਵੇਰੇ 10 ਵਜੇ ਤੋਂ ਸ਼ੁਰੂ ਹੋਇਆ ਪੁਸਤਕ ਮੇਲਾ ਸ਼ਾਮ 6 ਵਜੇ ਤੱਕ ਚੱਲਦਾ ਰਿਹਾ, ਜਿਸ ਵਿੱਚ ਹਰ ਵਰਗ ਦੇ ਪਾਠਕਾਂ ਨੇ ਭਾਰੀ ਉਤਸ਼ਾਹ ਨਾਲ਼ ਪੁਸਤਕਾਂ ਖਰੀਦੀਆਂ ।ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਹਰ ਵਾਰ ਦੀ ਤਰ੍ਹਾਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਕੈਲਗਰੀ ਵਿੱਚ ਹੁਣ ਬੁੱਕ ਕਲਚਰ ਪ੍ਰਫੁੱਲਤ ਹੋ ਰਿਹਾ ਹੈ ਉਨ੍ਹਾਂ ਮੀਡੀਏ ਵਲੋਂ ਕੀਤੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ ।ਉਨ੍ਹਾਂ ਅੱਗੇ ਦੱਸਿਆ ਕਿ ਅਗਲੇ ਹਫਤੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 17 ਤੇ 18 ਜੂਨ ਨੂੰ ਕਰਵਾਏ ਜਾ ਰਹੇ 12ਵੇਂ ਦੋ ਰੋਜ਼ਾ ਨਾਟਕ ਸਮਾਗਮ ਵਿੱਚ ਨੈਸ਼ਨਲ ਯੂਨੀਅਰ ਫੀਲਡ ਹਾਕੀ ਟੀਮ ਦੀ ਖਿਡਾਰੀ ਪ੍ਰਭਲੀਨ ਕੌਰ ਗਰੇਵਾਲ਼ ਅਤੇ ਰੈਸਲਿੰਗ ਵਿੱਚ ਗੋਲਡ ਮੈਡਲ ਜਿੱਤਣ ਵਾਲ਼ੀ ਖਿਡਾਰੀ ਜੈਸਲੀਨ ਕੌਰ ਸਿੱਧੂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕਰਨ ਦੇ ਨਾਲ਼ ਇੱਕ-ਇੱਕ ਹਜ਼ਾਰ ਡਾਲਰ ਦੀ ਧੰਨ ਰਾਸ਼ੀ ਵੀ ਹੌਸਲਾ ਅਫਜਾਈ ਵਜੋਂ ਦਿੱਤੀ ਜਾਵੇਗੀ ।ਉਨ੍ਹਾਂ ਦੱਸਿਆ ਕਿ ਪੁਸਤਕ ਮੇਲੇ ਦੌਰਾਨ ਪਾਠਕਾਂ ਨੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਭਾਰੀ ਉਤਸ਼ਾਹ ਨਾਲ਼ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ ।ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਪੁਸਤਕ ਮੇਲੇ ਦਾ ਉਦਘਾਟਨ 'ਲੋਕ ਕਲਾ ਮੰਚ' ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਕਲਾਕਾਰ, ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ, ਜੋ ਕਿ ਪਿਛਲੇ ਦਿਨਾਂ ਤੋਂ ਅਗਲੇ ਹਫਤੇ ਹੋਣ ਵਾਲ਼ੇ ਦੋ ਰੋਜ਼ਾ ਨਾਟਕ ਸਮਾਗਮ ਦੀ ਤਿਆਰੀ ਲਈ ਪਹੁੰਚੇ ਹੋਏ ਹਨ ।ਇਸ ਮੌਕੇ ਤੇ ਬੋਲਦਿਆਂ, ਹਰਕੇਸ਼ ਚੌਧਰੀ ਨੇ ਉਘੇ ਲੇਖਕ ਪਾਬਲੋ ਨੇਰੂਦਾ ਦੀ ਕਿਤਾਬਾਂ ਬਾਰੇ ਟਿੱਪਣੀ ਸਾਂਝੀ ਕਰਦਿਆ ਕਿਹਾ, 'ਜਦੋਂ ਮੈਂ ਕਿਤਾਬ ਦੇ ਵਰਕੇ ਫਰੋਲਦਾਂ ਹਾਂ ਤਾਂ ਮੈਨੂੰ ਜ਼ਿੰਦਗੀ ਦੇ ਵਰਕੇ ਖੁੱਲਣੇ ਸ਼ੁਰੂ ਹੋ ਜਾਂਦੇ ਮਹਿਸੂਸ ਹੋ ਜਾਂਦੇ ਨੇ।' ਉਨ੍ਹਾਂ ਸੁਰਜੀਤ ਪਾਤਰ ਦੀ ਕਵਿਤਾ ਦੀਆਂ ਕੁਝ ਲਾਈਨਾਂ; 'ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ, ਪਰ ਅਜੇ ਜਿਉਂਦਾ ਏ ਕਿਰਨਾਂ ਦਾ ਕਬੀਲਾ ।ਕਾਲ਼ਿਆਂ ਸਫਿਆਂ ਤੇ ਸਤਰਾਂ ਲਾਲ ਰੱਤੀਆਂ, ਉਠ ਜਗਾ ਦੇ ਮੋਮਬੱਤੀਆਂ, ਤੂੰ ਜਗਾ ਦੇ ਮੋਮਬੱਤੀਆਂ' ਦੇ ਨਾਲ਼ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਬੇਸ਼ਕ ਇਹ ਇੱਕ ਰੋਜ਼ਾ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ ।ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੀ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ ?

# ਭਾਰਤ ਵਿੱਚ ਰੈਸਲਰ ਕੁੜੀਆਂ ਨਾਲ਼ ਧੱਕਿਆਂ ਤੇ ਲੋਕ-ਪੱਖੀ ਵਿਦਵਾਨਾਂ ਨੂੰ ਪ੍ਰੇਸ਼ਾਨ ਕਰਨ ਦੇ ਵਿਰੋਧ ਵਿੱਚ ਰੋਸ ਰੈਲੀ!




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) 'ਪਹਿਲਵਾਨ ਕੁੜੀਆਂ ਨਾਲ਼ ਇਨਸਾਫ ਕਰੋ', 'ਲੋਕ ਏਕਤਾ ਜ਼ਿੰਦਾਬਾਦ', 'ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰੋ' ਆਦਿ ਦੇ ਨਾਹਰੇ ਮਾਰਦਾ ਇੱਕ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਕੈਲਗਰੀ (ਕਨੇਡਾ) ਵਿੱਚ ਹੋਇਆ ।ਇਹ ਰੋਸ ਰੈਲੀ ਐਤਵਾਰ 11 ਜੂਨ, 2023 ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਪ੍ਰੌਗਰੈਸਿਵ ਕਲਾ ਮੰਚ ਕੈਲਗਰੀ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਯੰਗਸਤਾਨ ਕੈਲਗਰੀ ਦੇ ਸਹਿਯੋਗ ਨਾਲ਼ ਕੀਤੀ ਗਈ ।ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਬੋਲਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਹਰਿਆਣੇ ਦੀਆਂ ਪਹਿਲਵਾਨ ਕੁੜੀਆਂ ਨਾਲ਼ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਵਲੋਂ ਕੀਤੇ ਜਾ ਰਹੇ ਜਿਣਸੀ ਸੋਸ਼ਣ ਦੀ ਅਸੀਂ ਸਖਤ ਨਿਖੇਧੀ ਕਰਦੇ ਹਾਂ ।ਸਰਕਾਰ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਲਾਂਭੇ ਕਰਕੇ ਕੇਸ ਦਰਜ ਕੀਤੇ ਜਾਣ ਉਨ੍ਹਾਂ ਤੋਂ ਇਲਾਵਾ ਇਸ ਮੌਕੇ ਤੇ ਬੋਲਦਿਆਂ, ਹਰਕੇਸ਼ ਚੌਧਰੀ ਨੇ ਕਿਹਾ ਕਿਹਾ ਕਿ ਰਾਜਸੀ ਕਾਰਨਾਂ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨੀ ਮੰਦਭਾਗਾ ਵਰਤਾਰਾ ਹੈ ।ਸਰਕਾਰ ਨੂੰ ਜਲਦੀ ਤੋਂ ਜਲਦੀ ਦੋਸ਼ੀਆਂ ਖਿਲਾਫ ਕਾਰਵਾਈ ਕਰਕੇ ਲੜਕੀਆਂ ਨੂੰ ਇਨਸਾਫ ਦਿਵਾਉਣਾ ਚਾਹੀਦਾ ਹੈ ।ਇਸ ਮੌਕੇ ਤੇ ਹਾਜਿਰ ਮੁਜ਼ਾਹਰਕਾਰੀਆਂ ਵਲੋਂ ਲਗਾਤਾਰ ਰੈਸਲਰ ਲੜਕੀਆਂ ਦੇ ਹੱਕ ਅਤੇ ਭਾਰਤ ਸਰਕਾਰ ਤੇ ਰੈਸਲਰ ਫੈਡਰੇਸ਼ਨ ਦੇ ਖਿਲਾਫ ਜੰਮ ਕੇ ਨਾਹਰੇਬਾਜੀ ਕੀਤੀ ਗਈ ।ਸਰਬਸੰਮਤੀ ਨਾਲ਼ ਰੈਸਲਰ ਲੜਕੀਆਂ ਦੇ ਹੱਕ ਵਿੱਚ ਮਤਾ ਪਾਸ ਕੀਤਾ ਗਿਆ ਤੇ ਉਨ੍ਹਾਂ ਦੇ ਸੰਘਰਸ਼ ਨੂੰ ਹਰ ਤਰ੍ਹਾਂ ਦੀ ਮੱਦਦ ਦਾ ਅਹਿਦ ਲਿਆ ਗਿਆ ।ਖਿਡਾਰੀ ਜਗਤ ਨੂੰ ਰੈਸਲਰ ਔਰਤਾਂ ਦੇ ਹੋ ਰਹੇ ਜਿਣਸੀ ਸੋਸ਼ਣ ਖਿਲਾਫ ਲਾਮਬੰਦ ਹੋਣ ਦਾ ਸੱਦਾ ਦਿੱਤਾ ਗਿਆ।

# ਮਨੁੱਖ ਜਾਤੀ ਦੀ ਹੋਂਦ ਖਤਮ ਹੋਣ ਦਾ ਕਾਰਨ ਆਰਟੀ.ਫੀਸ਼ੀਅਲ ਇੰਟੈਲੀਜੈਂਸ ਬਣੇਗਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਿਲਣੀ ਜੇਠ ਮਹੀਨੇ ਵਿੱਚ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਅਤੇ ਅੰਤਰ-ਰਾਸ਼ਟਰੀ ਵਾਤਾਵਰਣ ਦਿਵਸ ਨੂੰ ਸਮਰਪਤ ਸੀ, ਜੋ ਕਿ ਹਰ ਸਾਲ ਪੰਜ ਜੂਨ ਨੂੰ ਹੁੰਦਾ ਹੈ। ਮੀਟਿੰਗ ਦੀ ਸ਼ੁਰੂਆਤ ਪਰਮਜੀਤ ਸਿੰਘ ਭੰਗੂ ਦੁਆਰਾ ਪੁਰਾਣੇ ਅਤੇ ਅਜੋਕੇ ਨੇਤਾਵਾਂ ਤੇ ਵਿਅੰਗ ਕਰਦੀ ਕਵਿਤਾ ਨਾਲ ਹੋਈ।ਉਪਰੰਤ ਜਗਦੇਵ ਸਿੰਘ ਸਿੱਧੂ ਜੀ ਨੇ ਅੰਤਰ-ਰਾਸ਼ਟਰੀ ਵਾਤਾਵਰਣ ਦਿਵਸ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਰਬਾਣੀ ਦੇ ਕਥਨ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹੁਤੁ' ਤੇ ਚੱਲਦੇ ਹੋਏ ਹਵਾ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਹੀ ਵਾਤਾਵਰਣ ਦੀ ਸੰਭਾਲ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਪ੍ਰਸਿੱਧ ਵਿਗਿਆਨੀ ਸਟੀਫ਼ਨ ਹਾਕਿਨਜ਼ ਦੇ ਕਥਨ ਅਨੁਸਾਰ ਮਨੁੱਖ ਜਾਤੀ ਦੀ ਹੋਂਦ ਖਤਮ ਹੋਣ ਦਾ ਕਾਰਨ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਬਣੇਗਾ, ਜਿਵੇਂ ਪ੍ਰਮਾਣੂ ਦੀ ਖੋਜ ਤੋਂ ਪ੍ਰਮਾਣੂ ਬੰਬ ਬਣਾ ਦੂਜੀ ਸੰਸਾਰ ਜੰਗ ਵਿੱਚ ਦੋ ਸ਼ਹਿਰ ਤਹਿਸ ਨਹਿਸ ਕਰ ਦਿੱਤੇ ਗਏ ਸਨ।' ਨਛੱਤਰ ਸਿੰਘ ਪੁਰਬਾ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਅਤੇ ਇੱਕ ਓਅੰਕਾਰ ਸ਼ਬਦ ਦੀ ਰਚਨਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਗੁਰੂ ਨਾਨਕ ਦੁਆਰਾ ਵੱਖ ਵੱਖ ਥਾਵਾਂ ਤੇ ਜਾ ਕੇ ਦ੍ਰਿਸ਼ਟਾਂਤਾਂ ਦੁਆਰਾ ਸਿੱਖਿਆਵਾਂ ਦੇਣ ਦੇ ਢੰਗ ਤਰੀਕਿਆਂ ਦੀ ਮਹੱਤਤਾ ਬਾਰੇ ਦੱਸਿਆ।ਡਾ: ਜੋਗਾ ਸਿੰਘ ਹੁਰਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਬੰਧੀ ਗੀਤ 'ਕਿਉਂ ਧੜਕਦਾਂ ਏ ਕਾਤਲ ਲੈ ਹੱਸ ਕੇ ਜਾਨ ਮੇਰੀ' ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਪੇਸ਼ ਕੀਤਾ।ਪ੍ਰਭਦੇਵ ਸਿੰਘ ਗਿੱਲ ਜੋ ਕਿ ਕੈਲਗਰੀ ਛੱਡ ਬੀ.ਸੀ. ਦੇ ਲੈਂਗਲੇ ਸ਼ਹਿਰ ਜਾ ਰਹੇ ਹਨ, ਨੇ ਆਪਣੇ ਪਿੰਡ ਤੋਂ ਸ਼ਹਿਰ ਅਤੇ ਫਿਰ ਕਨੇਡਾ ਪਹੁੰਚਣ ਦੀ ਗੱਲ ਕਰਦਿਆਂ ਅਤਿ ਭਾਵੁਕ



ਸੁਰ ਵਿੱਚ ਕਿਹਾ ਕਿ 'ਕਨੇਡਾ ਵਿੱਚ ਹਰ ਇੱਕ ਕੋਲ ਮਕਾਨ ਹੈ ਪ੍ਰੰਤੂ ਘਰ ਨਹੀਂ। ਕਨੇਡਾ ਵਾਸੀ ਮਕਾਨ ਬਦਲਦਿਆਂ ਦੇਰ ਨਹੀਂ ਲਾਉਂਦੇ ਹਨ।'

ਅੱਜ ਦੀ ਇੱਕਤਰਤਾ ਵਿੱਚ ਬੀ.ਸੀ. ਦੀ ਜਾਣੀ-ਮਾਣੀ ਲੇਖਕਾ ਦੇ ਨਾਲ ਨਾਲ ਮਨੁੱਖੀ ਸਰੀਰਾਂ ਦੀ ਡਾ: ਗੁਰਮਿੰਦਰ ਕੌਰ ਸਿੱਧੂ ਦੀ ਹਾਜ਼ਰੀ ਜ਼ਿਕਰਯੋਗ ਰਹੀ।ਛੇ ਕਾਵਿ-ਸੰਗ੍ਰਿਹ ਅਤੇ ਤਿੰਨ ਬਾਲ-ਸਾਹਿਤ ਕਿਤਾਬਾਂ ਦੀ ਰਚੇਤਾ ਗੁਰਮਿੰਦਰ ਸਿੱਧੂ ਦਾ 'ਅੰਬਰੀਂ ਉੱਡਣ ਤੋਂ ਪਹਿਲਾਂ' ਔਰਤ ਦੀ ਹੋਂਦ ਨੂੰ ਸਮਰਪਤ ਨਾਵਲ 2022 ਵਿੱਚ ਛਪਿਆ ਹੈ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਤ ਬਹੁਤ ਹੀ ਭਾਵਪੂਰਤ ਨਜ਼ਮ 'ਰਿਹਾ ਹੱਸਦਾ ਜਿਗਰ ਵਾਲਾ ਕੋਈ ਤੱਤੀ ਤਵੀ ਉੱਤੇ, ਰੋਂਦੀ ਹੈ ਸਿਰਾਂ ਦੀ ਭੀੜ ਕੋਈ ਛਤਰੀਆਂ ਹੇਠਾਂ। ਸ਼ਹੀਦਾਂ ਦੇ ਸਿਰਤਾਜ ਗੁਰੂ !ਅਜੇ ਤੱਕ ਸ਼ਰਮਿੰਦਾ ਹੈ ਉਹ ਤੱਤੀ ਤਵੀ, ਜੋ ਤੈਨੂੰ ਲੂਹਣ ਖਾਤਰ ਤੱਤੀ ਹੁੰਦੀ ਰਹੀ।' ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਉਨ੍ਹਾਂ ਦੇ ਪਤੀ ਡਾ: ਬਲਦੇਵ ਸਿੰਘ ਖਹਿਰਾ ਵੀ ਸਰੀਰਕ ਬਿਮਾਰੀਆਂ ਦਾ ਇਲਾਜ ਕਰਦੇ ਹੋਏ ਸਾਹਿਤ ਨਾਲ ਜੁੜੇ ਮਿੰਨੀ-ਕਹਾਣੀ ਲੇਖਕ ਵੀ ਹਨ। ਉਨਾਂ ਨੇ 'ਗੰਢੇ ਤੇ ਕੋਰੜੇ' ਅਤੇ 'ਕਾਹਲੀ' ਮਿੰਨੀ ਕਹਾਣੀਆਂ ਸਾਂਝੀਆਂ ਕੀਤੀਆਂ।ਉਨ੍ਹਾਂ ਦਾ ਬੇਟਾ ਰਿਸ਼ਮਦੀਪ ਵੀ ਕਹਾਣੀਆਂ ਲਿਖਦਾ ਹੈ ਜੋ ਕਿ ਪੰਜਾਬੀ ਦੇ ਨਾਮਵਰ ਰਸਾਲਿਆਂ ਵਿੱਚ ਛਪਦੀਆਂ ਹਨ। ਰਿਸ਼ਮਦੀਪ ਨੇ ਪੰਜਾਬੀ ਜੀਵਨ ਅਤੇ ਸੱਭਿਆਚਾਰ ਵਿੱਚੋਂ ਟਿੰਡਾਂ ਵਾਲੇ ਖੂਹ ਵਰਗੀਆਂ ਅਲੋਪ ਹੋ ਰਹੀਆਂ ਚੀਜ਼ਾਂ ਦੀ ਗੱਲ ਕਰਦਿਆਂ ਅਜੋਕੇ ਸਮੇਂ ਤਿੱਥ-ਤਿਉਹਾਰਾਂ ਨੂੰ ਮਨਾਉਣ ਦੇ ਢੰਗ ਤਰੀਕਿਆਂ ਦੇ ਵਾਤਾਵਰਣ ਨੂੰ ਦੂਸ਼ਿਤ ਕਰਨ ਦਾ ਕਾਰਨ ਬਣਨ ਤੇ ਟਿੱਪਣੀ ਕੀਤੀ।

ਜਗਦੀਸ਼ ਸਿੰਘ ਚੋਹਕਾ ਨੇ ਅਜੋਕੇ ਸਮਿਆਂ ਵਿੱਚ ਵੱਧ ਰਹੇ ਪ੍ਰਦੂਸ਼ਣ ਲਈ ਡੀਵੈਲਪਡ ਪੂੰਜੀਵਾਦ ਮੁਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ।'ਖੂਹ ਵਿੱਚ ਰੂਹ' ਨਾਂ ਦੇ ਫੈਂਟਸੀ ਨਾਵਲ ਦੀ ਲੇਖਕਾ ਸਿੰਮੀ ਗੁਪਤਾ ਨੇ ਬਚਪਨ ਵਿੱਚ ਮਾਣੀ ਦਰਖਤਾਂ ਦੀ ਠੰਡੀ ਛਾਂ ਦਾ ਜ਼ਿਕਰ ਕਰਦਿਆਂ ਫ਼ਲਾਂ ਦਾ ਬਾਗ਼ ਲਾਉਣ ਦੀ ਆਪਣੀ ਪਿਆਰੀ ਜਿਹੀ ਰੀਝ ਦੀ ਗੱਲ ਕੀਤੀ ।ਮਨਮੋਹਨ ਸਿੰਘ ਬਾਠ ਜੀ ਦੀ ਮਿੱਠੀ ਅਵਾਜ਼ ਵਿੱਚ ਗਾਇਆ ਗੀਤ 'ਰਾਵੀ ਦਿਆ ਪਾਣੀਆਂ ਤੂੰ ਠੋਕਰਾਂ ਨਾ ਮਾਰ ਵੇ, ਮਾਹੀ ਦੇ ਸਰੀਰ ਉੱਤੇ ਛਾਲੇ ਬੇਸ਼ੁਮਾਰ ਵੇ' ਰਾਵੀ ਦਰਿਆ ਦੇ ਨਾਂ ਹੂਕ ਬਣ ਗੂੰਜਿਆ।

ਬਿੱਕਰ ਸਿੰਘ ਸੰਧੂ ਜੀ ਨੇ ਲੱਚਰ ਗਾਇਕੀ ਨੂੰ ਸੱਭਿਆਚਾਰ ਦਾ ਪ੍ਰਦੂਸ਼ਣ ਕਿਹਾ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਕਰਨ ਵਾਲੇ ਕਾਰਨਾਂ ਬਾਰੇ ਗੱਲ ਕੀਤੀ। ਸਭਾ ਦੇ ਉੱਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਨੇ ਵਾਤਾਵਰਣ ਪ੍ਰਦੂਸ਼ਣ ਘੱਟ ਕਰਨ ਲਈ ਵਿਅਕਤੀਗਤ ਪੱਧਰ 'ਤੇ ਗੱਡੀਆਂ ਦਾ ਪ੍ਰਦੂਸ਼ਣ ਘੱਟ ਕਰਨ ਲਈ 'ਕਾਰ ਪੂਲਿੰਗ; ਵਰਗੇ ਨਿੱਕੇ ਨਿੱਕੇ ਯਤਨ ਕਰਨ ਦੀ ਅਪੀਲ ਕੀਤੀ।ਗੁਰਦੀਸ਼ ਗਰੇਵਾਲ ਨੇ 'ਤੱਤੀ ਤਵੀ ਉੱਤੇ ਬੈਠਾ ਅਰਸ਼ਾਂ ਦਾ ਨੂਰ ਏ, ਹੱਥ ਵਿੱਚ ਮਾਲ਼ਾ ਚਿਹਰੇ ਵੱਖਰਾ ਈ ਨੂਰ ਏ।' ਸੁਣਾਈ। ਜਗਦੀਸ਼ ਸਰੋਆ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਰਚਨਾ ਪੇਸ਼ ਕੀਤੀ।

ਕਵੀਸ਼ਰੀ ਦੇ ਪ੍ਰਪੱਕ ਸ਼ਾਇਰ ਜਸਵੰਤ ਸਿੰਘ ਸੇਖੋਂ ਜੀ ਨੇ 24 ਜੂਨ ਨੂੰ ਅਰਪਨ ਲਿਖਾਰੀ ਸਭਾ ਵਲੋਂ ਕੀਤੇ ਜਾਣ ਵਾਲੇ ਸਲਾਨਾ ਸਮਾਗਮ ਦਾ ਸੱਦਾ ਕਵੀਸ਼ਰੀ ਦੇ ਰੂਪ ਵਿੱਚ ਪੇਸ਼ ਕਰ ਹਰੇਕ ਦੀ ਵਾਹ ਵਾਹ ਖੱਟ ਲਈ।ਸੁਖਵਿੰਦਰ ਸਿੰਘ ਤੂਰ ਨੇ ਜਸਵੰਤ ਸਿੰਘ ਸੇਖੋਂ ਜੀ ਦੀ ਲਿਖੀ ਰਚਨਾ 'ਚੰਦੂ ਚੰਦਰੇ ਨੇ ਕਹਿਰ ਕਮਾਇਆ ਸੀ' ਗਾ ਕੇ ਸੁਣਾਈ। ਸਰਬਜੀਤ ਉੱਪਲ ਨੇ ਵਹਿਮਾਂ ਭਰਮਾਂ ਤੇ ਅਧਾਰਤ ਹਾਸਰੱਸ ਕਵਿਤਾ ਸੁਣਾਈ।ਅੰਤ ਵਿੱਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਜੀ ਨੇ ਅੱਜ ਦੀ ਮੀਟਿੰਗ ਵਿੱਚ ਭਰਵੀਂ ਹਾਜ਼ਰੀ ਲਈ ਸਭ ਦਾ ਧੰਨਵਾਦ ਕੀਤਾ

# ਭਲਾ ਕਰਨਾ ਵੀ ਕਈ ਵਾਰ ਪੁੱਠਾ ਪੈ ਜਾਂਦਾ ਹੈ

**ਪਹਿਲਾਂ ਤਾਂ ਮੇਰਾ ਦਿਲ ਕਰੇ ਕਿ ਉਸ ਨੂੰ ਉਥੇ ਹੀ ਢਾਹ ਕੇ ਲੱਤਾਂ ਮੁੱਕਿਆਂ ਨਾਲ ਚੰਗੀ ਤਰਾਂ ਸੇਵਾ ਕਰਾਂ। ਪਰ ਫਿਰ ਮੈਂ ਆਪਣੇ ਗੁੱਸੇ ਨੂੰ ਦਬਾ ਕੇ ਡਿਪਟੀ ਸਾਹਿਬ ਨੂੰ ਦੱਸਿਆ ਕਿ ਸਰ ਇਹ ਗਲਤੀ ਮੇਰੇ ਕੋਲੋਂ ਹੀ ਹੋਈ ਹੈ। ਜੇ ਮੈਨੂੰ ਪਤਾ ਹੁੰਦਾ ਕਿ ਇਸ ਘਟੀਆ ਇਨਸਾਨ ਨੇ ਮੇਰੀ ਭਲਾਈ ਦਾ ਇਹ ਮੁੱਲ ਪਾਉਣਾ ਹੈ ਤਾਂ ਮੈਂ ਇਸ ਨੂੰ ਉਥੇ ਹੀ ਮਰਨ ਲਈ ਛੱਡ ਦੇਣਾ ਸੀ। ਮੇਰੇ ਕੋਲੋਂ ਸਾਰੀ ਰਾਮ ਕਹਾਣੀ ਸੁਣ ਕੇ ਡਿਪਟੀ ਸਾਹਿਬ ਨੇ ਰੱਜ ਕੇ ਉਸ ਬੰਦੇ ਦੀ ਕੁੱਤੇਖਾਣੀ ਕੀਤੀ ਤੇ ਕਿਹਾ ਕਿ ਲਾਹਨਤ ਹੈ ਤੇਰੇ 'ਤੇ, ਤੂੰ ਆਪਣੀ ਜਾਨ ਬਚਾਉਣ ਵਾਲੇ ਬੰਦੇ 'ਤੇ ਹੀ ਇਲਜ਼ਾਮ ਤਰਾਸ਼ੀ ਕਰ ਰਿਹਾ ਹੈਂ।**

ਦੋ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਬਰੇਲੀ (ਯੂ.ਪੀ.) ਵਿੱਚ ਕੁਝ ਬਦਮਾਸ਼ ਰੇਲਵੇ ਪਲੇਟਫਾਰਮ 'ਤੇ ਆਪਸ ਲੜ ਰਹੇ ਸਨ। ਉਹਨਾਂ ਨੂੰ ਛਿੱਤਰੋ ਛਿੱਤਰੀ ਹੁੰਦਾ ਵੇਖ ਕੇ ਇੱਕ ਭਲੇਮਾਣਸ ਵਿਅਕਤੀ ਨੇ ਛੱਡ ਛੁਡਾ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਨੇ ਆਪਣੇ ਮਾਮਲੇ ਵਿੱਚ ਬਾਹਰੀ ਬੰਦੇ ਦੀ ਦਖਲਅੰਦਾਜ਼ੀ ਵੇਖ ਕੇ ਲੜਨਾ ਬੰਦ ਕਰ ਦਿੱਤਾ ਤੇ ਉਸ ਨੂੰ ਹੀ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਇੱਕ ਬਦਮਾਸ਼ ਨੇ ਉਸ ਸ਼ਰੀਫ ਵਿਅਕਤੀ ਨੂੰ ਧੱਕਾ ਦੇ ਕੇ ਪਟੜੀਆਂ 'ਤੇ ਸੁੱਟ ਦਿੱਤਾ। ਐਨੇ ਨੂੰ ਤੇਜ਼ ਰਫਤਾਰ ਟਰੇਨ ਉਥੋਂ ਗੁਜ਼ਰੀ ਜਿਸ ਨੇ ਉਸ ਦੇ ਟੁਕੜੇ ਟੁਕੜੇ ਕਰ ਦਿੱਤੇ। ਇਹ ਵੇਖ ਕੇ ਬਦਮਾਸ਼ ਤਾਂ ਮੌਕੇ ਤੋਂ ਭੱਜ ਗਏ ਪਰ ਉਸ ਵਿਚਾਰੇ ਨੂੰ ਜਾਨ ਤੋਂ ਹੱਥ ਧੋਣੇ ਪਏ। ਵਾਹ ਲੱਗਦੀ ਭਲਾ ਜਰੂਰ ਕਰਨਾ ਚਾਹੀਦਾ ਹੈ, ਪਰ ਕਈ ਵਾਰ ਇਹ ਮਹਿੰਗਾ ਵੀ ਪੈ ਜਾਂਦਾ ਹੈ।

1994 95 ਵਿੱਚ ਮੈਂ ਐਸ.ਐਚ.ਉ. ਕੋਤਵਾਲੀ ਸੰਗਰੂਰ ਲੱਗਾ ਹੋਇਆ ਸੀ। ਦਸੰਬਰ ਦਾ ਮਹੀਨਾ ਸੀ ਤੇ ਸਖਤ ਸਰਦੀ ਪੈ ਰਹੀ ਸੀ। ਇੱਕ ਰਾਤ ਬਾਰਸ਼ ਹੋ ਰਹੀ ਸੀ ਤੇ ਮੈਂ ਸ਼ਹਿਰ ਵਿੱਚ ਗਸ਼ਤ ਕਰ ਰਿਹਾ ਸੀ। 9 10 ਵਜੇ ਦੀ ਗੱਲ ਹੋਵੇਗੀ ਕਿ ਇੱਕ ਸ਼ਰਾਬੀ ਜ਼ਖਮੀ ਹਾਲਤ ਵਿੱਚ ਸਕੂਟਰ ਸਮੇਤ ਸੜਕ 'ਤੇ ਡਿੱਗਾ ਪਿਆ ਸੀ। ਮੈਂ ਗੱਡੀ ਰੋਕ ਕੇ ਉਸ ਨੂੰ ਚੈੱਕ ਕੀਤਾ ਤਾਂ ਉਹ ਸਹੀ ਸਲਾਮਤ ਸੀ, ਪਰ ਜੇ ਕਿਤੇ ਅਜਿਹੀ ਸਖਤ ਠੰਡ ਵਿੱਚ ਘੰਟਾ ਦੋ ਘੰਟੇ ਹੋਰ ਰਹਿ ਜਾਂਦਾ ਤਾਂ ਲਾਜ਼ਮੀ ਤੌਰ 'ਤੇ ਉਸ ਨੇ ਮਰ ਜਾਣਾ ਸੀ। ਅਸੀਂ ਉਸ ਨੂੰ ਸਕੂਟਰ ਸਮੇਤ ਸਰਕਾਰੀ ਆਲਵਿਨ ਨਿਸ਼ਾਨ ਟੈਂਪੂ ਵਿੱਚ ਲੱਦ ਲਿਆ।

ਗੰਨਮੈਨਾਂ ਨੇ ਬੜੀ ਮੁਸ਼ਕਿਲ ਨਾਲ ਹਿਲਾ ਜੁਲਾ ਕੇ ਉਸ ਦਾ ਪਤਾ ਟਿਕਾਣਾ ਪੁੱਛਿਆ ਤੇ ਉਸ ਦੇ ਘਰ ਪਹੁੰਚ ਗਏ। ਕਾਫੀ ਦੇਰ ਖੜਕਾਉਣ ਤੋਂ ਬਾਅਦ ਘਰ ਵਾਲਿਆਂ ਨੇ ਦਰਵਾਜ਼ਾ ਖੋਲ੍ਹਿਆ। ਸਾਫ ਲੱਗਦਾ ਸੀ ਕਿ ਉਹ ਉਸ ਦੀਆਂ ਕਰਤੂਤਾਂ ਤੋਂ ਪਹਿਲਾਂ ਹੀ ਸੜੇ ਪਏ ਸਨ। ਸ਼ਰਾਬੀ ਦੀ ਪਤਨੀ ਲਾਲ ਲਾਲ ਡੇਲੇ ਕੱਢ ਕੇ ਸਾਡੇ ਵੱਲ ਇਸ ਤਰਾਂ ਝਾਕ ਰਹੀ ਸੀ ਜਿਵੇਂ ਕਿਤੇ ਅਸੀਂ ਹੀ ਉਸ ਨੂੰ ਸ਼ਰਾਬ ਪਿਆਈ ਹੋਵੇ। ਖੈਰ, ਅਸੀਂ ਉਸ ਨੂੰ ਛੱਡ ਕੇ ਵਾਪਸ ਆ ਗਏ। ਅਗਲੇ ਦਿਨ 11 ਕੁ ਵਜੇ ਮੈਨੂੰ ਮੈਸੇਜ਼ ਮਿਲਿਆ ਕਿ ਡੀ.ਐਸ.ਪੀ. ਸਾਹਿਬ ਨੇ ਆਪਣੇ ਦਫਤਰ ਬੁਲਾਇਆ ਹੈ। ਜਦੋਂ ਮੈਂ ਦਫਤਰ ਪਹੁੰਚਿਆ ਤਾਂ ਉਹ ਸ਼ਰਾਬੀ ਨਹਾ ਧੋ ਕੇ ਬਾਬੂ ਬਣਿਆ ਮੁਹੱਲੇ ਦੇ 8 10 ਬੰਦਿਆਂ ਨਾਲ ਡਿਪਟੀ ਸਾਹਿਬ ਦੇ ਸਾਹਮਣੇ ਕੁਰਸੀ 'ਤੇ ਤਣਿਆਂ ਬੈਠਾ ਸੀ। ਡਿਪਟੀ ਸਾਹਿਬ ਨੇ ਮੈਨੂੰ ਪੁੱਛਿਆ ਕਿ ਰਾਤੀਂ ਐਲਵਿਨ ਨਿਸ਼ਾਨ 'ਤੇ ਗਸ਼ਤ 'ਤੇ ਕੌਣ ਕਰ ਰਿਹਾ ਸੀ, ਉਹ ਇਸ ਵਿਚਾਰੇ ਨੂੰ ਫੇਟ ਮਾਰ ਕੇ ਮਾਰ ਹੀ ਦੇਣ ਲੱਗਾ ਸੀ। ਪਹਿਲਾਂ ਤਾਂ ਮੇਰਾ ਦਿਲ ਕਰੇ ਕਿ ਉਸ ਨੂੰ ਉਥੇ ਹੀ ਢਾਹ ਕੇ ਲੱਤਾਂ ਮੁੱਕਿਆਂ ਨਾਲ ਚੰਗੀ ਤਰਾਂ ਸੇਵਾ ਕਰਾਂ। ਪਰ ਫਿਰ ਮੈਂ ਆਪਣੇ ਗੁੱਸੇ ਨੂੰ ਦਬਾ ਕੇ ਡਿਪਟੀ ਸਾਹਿਬ ਨੂੰ ਦੱਸਿਆ ਕਿ ਸਰ ਇਹ ਗਲਤੀ ਮੇਰੇ ਕੋਲੋਂ ਹੀ ਹੋਈ ਹੈ। ਜੇ ਮੈਨੂੰ ਪਤਾ ਹੁੰਦਾ ਕਿ ਇਸ ਘਟੀਆ ਇਨਸਾਨ ਨੇ ਮੇਰੀ ਭਲਾਈ ਦਾ ਇਹ ਮੁੱਲ ਪਾਉਣਾ ਹੈ ਤਾਂ ਮੈਂ ਇਸ ਨੂੰ ਉਥੇ ਹੀ ਮਰਨ ਲਈ ਛੱਡ ਦੇਣਾ ਸੀ। ਮੇਰੇ ਕੋਲੋਂ ਸਾਰੀ ਰਾਮ ਕਹਾਣੀ ਸੁਣ ਕੇ ਡਿਪਟੀ ਸਾਹਿਬ ਨੇ ਰੱਜ ਕੇ ਉਸ ਬੰਦੇ ਦੀ ਕੁੱਤੇਖਾਣੀ ਕੀਤੀ ਤੇ ਕਿਹਾ ਕਿ ਲਾਹਨਤ ਹੈ ਤੇਰੇ 'ਤੇ, ਤੂੰ ਆਪਣੀ ਜਾਨ ਬਚਾਉਣ ਵਾਲੇ ਬੰਦੇ 'ਤੇ ਹੀ ਇਲਜ਼ਾਮ ਤਰਾਸ਼ੀ ਕਰ ਰਿਹਾ ਹੈਂ। ਸੱਚਾਈ ਸੁਣ ਕੇ ਨਾਲ ਆਏ ਮੁਹਤਬਰਾਂ ਨੇ ਆਪਣੀ ਗਲਤੀ ਮੰਨੀ ਤੇ ਉਸ ਨੂੰ ਰੱਜ ਕੇ ਫਿਟਕਾਰਾਂ ਪਾਈਆਂ। ਬਾਅਦ ਵਿੱਚ ਪਤਾ ਲੱਗਾ ਕਿ ਉਹ ਨਹਿਸ਼ ਵਿਅਕਤੀ ਡੀ ਸੀ ਦਫਤਰ ਵਿੱਚ ਸੁਪਰਡੈਂਟ ਲੱਗਾ ਹੋਇਆ ਸੀ।

1985-86 ਦੌਰਾਨ ਪਿੰਡਾਂ ਵਿੱਚ ਪਾਣੀ ਵਾਲੀਆਂ ਮੋਟਰਾਂ ਦੀ ਰਿਪੇਅਰ ਕਰਨ ਵਾਲੀਆਂ ਦੁਕਾਨਾਂ ਦੀ ਬਹੁਤ ਘਾਟ ਸੀ। ਅਸੀਂ ਵੀ ਮੋਟਰਾਂ ਸੜਨ 'ਤੇ ਚਾਟੀਵਿੰਡ ਗੇਟ ਅੰਮ੍ਰਿਤਸਰ ਦੇ ਬਾਹਰ ਕਾਲੂ ਮਿਸਤਰੀ (ਨਾਮ ਬਦਲਿਆ ਹੋਇਆ) ਦੀ ਦੁਕਾਨ 'ਤੇ ਲੈ ਕੇ ਜਾਂਦੇ ਹੁੰਦੇ ਸੀ। ਉਸ ਦੀ ਦੁਕਾਨ ਦੇ ਨਾਲ ਹੀ ਸ਼ਾਮੇ ਬਾਊ (ਨਾਮ ਬਦਲਿਆ ਹੋਇਆ) ਦੀ ਕਰਿਆਨੇ ਦੀ ਦੁਕਾਨ ਸੀ। ਇੱਕ ਦਿਨ ਮੈਂ ਸੜੀ ਹੋਈ ਮੋਟਰ ਰਿਪੇਅਰ ਕਰਨ ਲਈ ਕਾਲੂ ਦੀ ਦੁਕਾਨ 'ਤੇ ਦੇਣ ਲਈ ਗਿਆ ਤਾਂ ਵੇਖਿਆ ਕਿ ਸ਼ਾਮਾ ਚਿੱਬ ਖੜਿੱਬਾ ਹੋਇਆ ਪਿਆ ਸੀ ਤੇ ਉਸ ਦੇ ਸਿਰ 'ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਮੈਂ ਕਾਲੂ ਨੂੰ ਪੁੱਛਿਆ ਕਿ ਇਸ ਨੂੰ ਕੀ ਹੋਇਆ ਹੈ? ਕਾਲੂ ਨੇ ਹੱਸ ਕੇ ਦੱਸਿਆ ਕਿ ਇਸ ਨੂੰ ਭਲਾ ਕਰਨ ਦਾ ਫਲ ਮਿਲਿਆ ਹੈ। ਅੱਗੇ ਪੁੱਛਣ 'ਤੇ ਕਾਲੂ ਨੇ ਦੱਸਿਆ ਕਿ ਇਸ ਦੀ ਗਲੀ ਵਿੱਚ ਇੱਕ ਮੁੰਡੇ ਤੇ ਕੁੜੀ ਦਰਮਿਆਨ ਇਸ਼ਕ ਪੇਚਾ ਚੱਲ ਰਿਹਾ ਸੀ। ਇਹ ਐਵੇਂ ਸਵਾਦ ਲੈਣਾ ਦਾ ਮਾਰਾ ਦੋਵਾਂ 'ਤੇ ਨਜ਼ਰ ਰੱਖਦਾ ਸੀ। ਉਸ ਵੇਲੇ ਆਮ ਘਰਾਂ ਵਿੱਚ ਟੈਲੀਫੋਨ ਤਾਂ ਹੁੰਦੇ ਨਹੀਂ ਸਨ, ਪ੍ਰੇਮ ਸੁਨੇਹੇ ਚਿੱਠੀਆਂ ਤੇ ਇਸ਼ਾਰਿਆਂ ਰਾਹੀਂ ਹੀ ਪਹੁੰਚਾਏ ਜਾਂਦੇ ਸਨ।

ਪ੍ਰੇਮੀ ਜੋੜੇ ਨੇ ਗਲੀ ਵਿੱਚ ਇੱਕ ਥਾਂ ਚਿੱਠੀਆਂ ਰੱਖਣ ਲਈ ਨਿਸ਼ਚਿਤ ਕੀਤੀ ਹੋਈ ਸੀ ਜੋ ਸ਼ਾਮੇ ਦੇ ਘਰ ਦੇ ਸਾਹਮਣੇ ਸੀ। ਕਦੇ ਕੁੜੀ ਚਿੱਠੀ ਰੱਖ ਜਾਂਦੀ ਤੇ ਮੁੰਡਾ ਕੁਝ ਦੇਰ ਬਾਅਦ ਚੁੱਕ ਕੇ ਲੈ ਜਾਂਦਾ ਤੇ ਕਦੇ ਮੁੰਡਾ ਚਿੱਠੀ ਰੱਖ ਜਾਂਦਾ ਤੇ ਕੁੜੀ ਮੌਕਾ ਵੇਖ ਕੇ ਲੈ ਜਾਂਦੀ। ਉਹਨਾਂ ਤੋਂ ਆਉਣ ਤੋਂ ਪਹਿਲਾਂ ਪਹਿਲਾਂ ਸ਼ਾਮਾ ਚੋਰੀ ਚੋਰੀ ਚਿੱਠੀਆਂ ਪੜ੍ਹ ਲੈਂਦਾ ਤੇ ਚੁੱਪ ਚਾਪ ਉਸੇ ਜਗ੍ਹਾ 'ਤੇ ਰੱਖ ਦਿੰਦਾ। ਇੱਕ ਦਿਨ ਮੁੰਡੇ ਨੇ ਚਿੱਠੀ ਲਿਖੀ ਤੇ ਕੁੜੀ ਨੂੰ ਕਿਹਾ ਕੇ ਆਪਾਂ ਫਲਾਣੀ ਰਾਤ ਨੂੰ ਫਰਾਰ ਹੋ ਜਾਣਾ ਹੈ, ਤੂੰ ਘਰ ਦਾ ਗਹਿਣਾ ਗੱਟਾ ਤੇ ਪੈਸੇ ਲੈ ਆਵੀਂ। ਸ਼ਾਮੇ ਨੇ ਜਦੋਂ ਚਿੱਠੀ ਪੜ੍ਹੀ ਤਾਂ ਉਸ ਦੇ ਅੰਦਰ ਭਲਾਈ ਦਾ ਕੀੜਾ ਜਾਗ ਉੱਠਿਆ ਤੇ ਨਾਲੇ ਗਲੀ ਮੁਹੱਲੇ ਦੀ ਇੱਜ਼ਤ ਦਾ ਸਵਾਲ ਵੀ ਸੀ। ਉਸ ਨੇ ਇੱਕ ਆਦਰਸ਼ ਨਾਗਰਿਕ ਦਾ ਫਰਜ਼ ਨਿਭਾਉਂਦੇ ਹੋਏ ਚਿੱਠੀ ਕੁੜੀ ਦੇ ਘਰ ਵਾਲਿਆਂ ਨੂੰ ਜਾ ਫੜਾਈ ਕਿ ਭਾਈ ਜੇ ਆਪਣੀ ਇੱਜ਼ਤ ਬਚਾ ਸਕਦੇ ਹੋ ਤਾਂ ਬਚਾ ਲਉ। ਚਿੱਠੀ ਪੜ੍ਹਦੇ ਸਾਰ ਕੁੜੀ ਵਾਲਿਆਂ ਨੂੰ ਸੱਤ ਕੱਪੜੀਂ ਅੱਗ ਲੱਗ ਗਈ ਤੇ ਉਹਨਾਂ ਨੇ ਮੁੰਡੇ ਵਾਲਿਆਂ ਦੇ ਘਰ 'ਤੇ ਕਮਾਂਡੋ ਅਟੈਕ ਕਰ ਦਿੱਤਾ। ਦੋਵਾਂ ਧਿਰਾਂ ਵਿੱਚ ਜੰਮ ਕੇ ਇੱਟਾਂ ਵੱਟੇ ਤੇ ਸੋਡੇ ਦੀਆਂ ਬੋਤਲਾਂ ਚੱਲੀਆਂ। ਆਖਰ ਮੁਹੱਲੇ ਦੇ ਮੋਹਤਬਰਾਂ ਨੇ ਵਿੱਚ ਪੈ ਕੇ ਲੜਾਈ ਮੁਕਾਈ ਤੇ ਰਾਜ਼ੀਨਾਮਾ ਕਰਵਾ ਦਿੱਤਾ ਕਿ ਕੁੜੀ ਤੇ ਮੁੰਡਾ ਇੱਕ ਹੀ ਜ਼ਾਤ ਬਰਾਦਰੀ ਦੇ ਹਨ, ਇਸ ਲਈ ਦੋਵਾਂ ਦਾ ਵਿਆਹ ਕਰ ਦਿੱਤਾ ਜਾਵੇ। ਜਦੋਂ ਠੰਡ ਠੰਡੋਰਾ ਹੋ ਗਿਆ ਤਾਂ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਨੂੰ ਪੁੱਛਿਆ ਕਿ ਭਾਈ ਹੁਣ ਤਾਂ ਆਪਾਂ ਰਿਸ਼ਤੇਦਾਰ ਬਣ ਗਏ ਹਾਂ, ਇਹ ਤਾਂ ਦਸ ਦਿਉ ਕਿ ਇਹ ਚਵਾਤੀ ਲਗਾਈ ਕਿਸ ਚੁਗਲਖੋਰ ਨੇ ਸੀ? ਜਦੋਂ ਕੁੜੀ ਵਾਲਿਆਂ ਨੇ ਦੱਸਿਆ ਕਿ ਇਹ ਸ਼ੁਭ ਕਰਮ ਸ਼ਾਮੇ ਨੇ ਕੀਤਾ ਹੈ ਤਾਂ ਮੁੰਡੇ ਵਾਲਿਆਂ ਨੇ ਮਿੰਟਾਂ ਸਕਿੰਟਾਂ ਵਿੱਚ ਸ਼ਾਮੇ ਨੂੰ ਬਕਰੇ ਵਾਂਗ ਜਾ ਢਾਹਿਆ। ਜੇ ਕਿਤੇ ਗਲੀ ਮੁਹੱਲੇ ਵਾਲੇ ਵਿੱਚ ਨਾ ਪੈਂਦੇ ਤਾਂ ਸ਼ਾਇਦ ਉਹ ਇਸ ਦਾ ਕਤਲ ਹੀ ਕਰ ਦਿੰਦੇ। ਇਸ ਨੂੰ ਅੱਜ ਦਸਾਂ ਦਿਨਾਂ ਬਾਅਦ ਹਸਪਤਾਲ ਤੋਂ ਛੁੱਟੀ ਮਿਲੀ ਹੈ। ਇਲਾਕੇ ਦੇ ਐਮ.ਸੀ. ਤੇ ਮੁਹਤਬਰਾਂ ਦੇ ਦਬਾਅ ਕਾਰਨ ਪੁਲਿਸ ਨੇ ਇਸ ਦੀ ਦਰਖਾਸਤ 'ਤੇ ਕੋਈ ਕਾਰਵਾਈ ਵੀ ਨਹੀਂ ਕੀਤੀ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਸਿੱਖ ਵੈਲਿਯੂਸ ਲਰਨਿੰਗ ਸੈਂਟਰ ਕੈਲਗਰੀ ਵਿਖੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਲੱਗ ਰਹੇ ਹਨ ਚਾਰ ਕੈਂਪ

## ਸਲਾਈਡ ਸ਼ੋਅ, ਲਘੂ ਫਿਲਮਾਂ ਅਤੇ ਵੱਖ ਵੱਖ ਗਤੀਵਿਧੀਆਂ ਰਾਹੀਂ ਨਵੀਂ ਪੀੜ੍ਹੀ ਨੂੰ ਵਿਰਸੇ ਨਾਲ ਜੋੜਿਆ ਜਾਵੇਗਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਅਲਬਰਟਾ ਦੇ ਪ੍ਰਸਿੱਧ ਸ਼ਹਿਰ ਕੈਲਗਰੀ ਵਿੱਚ 3515 32 ਸਟਰੀਟ ਨੌਰਥ ਈਸਟ ਵਿਖੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵਿਖੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਚਾਰ ਕੈਂਪ ਲਾਏ ਜਾ ਰਹੇ ਹਨ। ਇਹਨਾਂ ਕੈਂਪਾਂ ਵਾਰੇ ਜਾਣਕਾਰੀ ਦਿੰਦਿਆਂ ਲਰਨਿੰਗ ਸੈਂਟਰ ਦੇ ਇੰਚਾਰਜ ਗਿਆਨੀ ਰਾਮ ਸਿੰਘ ਚਹਿਲਾਂ ਨੇ ਦੱਸਿਆ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਸਾਹਿਬਾਨਾਂ ਦੇ ਵਿਰਸੇ ਦਾ ਗਿਆਨ ਵੰਡਣ ਲਈ ਅਤੇ ਉਹਨਾਂ ਅੰਦਰ ਮਾਪਿਆਂ ਦੇ ਆਗਿਆਕਾਰੀ ਬਣ ਕੇ ਦੇਸ ਕੌਮ ਦਾ ਨਾਮ ਰੋਸ਼ਨ ਕਰਨ ਦਾ ਜ਼ਜ਼ਬਾ ਭਰਨ ਲਈ ਇਸ ਵਾਰੀ ਵਿਸ਼ੇਸ਼ ਕੈਂਪ ਉਲੀਕੇ ਗਏ ਹਨ।

ਉਹਨਾਂ ਵਿਸਥਾਰ ਸਹਿਤ ਵੇਰਵਾ ਦਿੰਦਿਆਂ ਦੱਸਿਆ ਕਿ ਪਹਿਲਾ ਜੋ ਤਿੰਨ ਦਿਨਾਂ ਦਾ ਕੈਂਪ ਜੁਲਾਈ 3, 4 ਅਤੇ 5 ਨੂੰ ਹੈ ਉਸ ਦਾ ਨਾਮ ਹੈ ਗੁਰੂ ਸਾਹਿਬਾਨਾਂ ਦੀ ਅਨਮੋਲ ਕੀਮਤੀ ਵਿਰਾਸਤ। ਇਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਬਣੇ ਹੋਏ ਪੰਜ ਕਿਲ੍ਹੇ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਪੰਜ ਸਰੋਵਰ ਅਤੇ ਗੁਰੂ ਸਾਹਿਬਾਨਾਂ ਵੱਲੋਂ ਵਸਾਏ ਗਏ ਪੰਜ ਪ੍ਰਸਿੱਧ ਸ਼ਹਿਰਾਂ ਵਾਰੇ ਜਾਣਕਾਰੀ ਅਤੇ ਇਹਨਾਂ ਦੇ ਸੰਦੇਸ਼ ਅਤੇ ਮਹੱਤਤਾ ਵਾਰੇ ਤਿੰਨੋਂ ਦਿਨ ਸਲਾਈਡ ਸ਼ੋਅ ਹੋਣਗੇ।

ਦੂਜਾ ਜੋ ਇੱਕ ਦਿਨ ਦਾ ਕੈਂਪ ਜੁਲਾਈ 8 ਨੂੰ ਹੈ ਉਸ ਦਾ ਨਾਮ ਹੈ ਆਦਰਸ਼ ਗੁਰਸਿੱਖ ਬਨਣ ਦਾ ਉਦੇਸ਼। ਇਸ ਵਿੱਚ ਗੁਰਬਾਣੀ ਦੀਆਂ ਸਿੱਖਿਆਵਾਂ ਰਾਹੀਂ ਕਿਵੇਂ ਸਾਡੇ ਬੱਚੇ ਇੱਕ ਆਦਰਸ਼ ਨਾਗਰਿਕ ਬਣ ਕੇ ਜਿੰਦਗੀ ਦੀਆਂ ਵੱਡੀਆਂ ਮੰਜ਼ਿਲਾਂ ਤੇ ਪਹੁੰਚ ਸਕਦੇ ਹਨ। ਇਸ ਵਾਰੇ




ਜਾਣਕਾਰੀ ਭਰਪੂਰ ਸਲਾਈਡ ਸ਼ੋਅ ਹੋਵੇਗਾ।

ਤੀਜਾ ਜੋ ਇੱਕ ਦਿਨ ਦਾ ਕੈਂਪ ਜੁਲਾਈ 12 ਨੂੰ ਹੈ ਉਸ ਦਾ ਨਾਮ ਹੈ ਅਜੋਕੇ ਸਮੇਂ ਦੀਆਂ ਵਿਸ਼ਵ ਪ੍ਰਸਿੱਧ ਸਿੱਖ ਸਖਸ਼ੀਅਤਾਂ। ਇਸ ਵਿੱਚ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਿੱਖ ਕੌਮ ਦਾ ਰੋਸ਼ਨ ਕਰਨ ਵਾਲੀਆਂ ਪ੍ਰਸਿੱਧ ਸਖਸ਼ੀਅਤਾਂ ਵਾਰੇ ਸਲਾਈਡ ਸ਼ੋਅ ਦਿਖਾ ਕੇ ਸਾਡੀ ਨਵੀਂ ਪੀੜ੍ਹੀ ਅੰਦਰ ਸਮਾਜ ਲਈ ਰਾਹ ਦਸੇਰੇ (ਆਈਕੋਨ) ਬਨਣ ਦੀ ਪ੍ਰੇਰਨਾ ਅਤੇ ਜ਼ਜ਼ਬਾ ਭਰਨ ਦਾ ਯਤਨ ਕੀਤਾ ਜਾਵੇਗਾ।

ਚੌਥਾ ਜੋ ਦੋ ਦਿਨਾਂ ਦਾ ਕੈਂਪ ਜੁਲਾਈ 14 ਅਤੇ 15 ਨੂੰ ਹੈ ਉਸ ਦਾ ਨਾਮ ਹੈ ਗੁਰੂ ਸਾਹਿਬ ਜੀ ਦੇ ਪਰਿਵਾਰਿਕ ਮੈਂਬਰ। ਇਸ ਵਿੱਚ ਗੁਰ ਜੀ ਦੇ ਪਰਿਵਾਰਾਂ ਵਿੱਚ ਉਹਨਾਂ ਦੇ ਮਾਪਿਆਂ, ਪੁੱਤਰਾਂ-ਧੀਆਂ, ਅਤੇ ਭੈਣਾਂ ਦੇ ਵੇਰਵੇ ਵਾਰੇ ਸਲਾਈਡ ਸ਼ੋਅ ਹੋਵੇਗਾ। ਇਸ ਸਲਾਈਡ ਸ਼ੋਅ ਰਾਹੀਂ ਨਵੀਂ ਪੀੜ੍ਹੀ ਨੂੰ ਦੱਸਿਆ ਜਾਵੇਗਾ ਕਿ ਜਿਹੜੇ ਪਰਿਵਾਰਿਕ ਮੈਂਬਰ ਗੁਰੂ ਜੀ ਦੇ ਆਗਿਆਕਾਰੀ ਰਹੇ ਕਿਵੇਂ ਉਹ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿਗਾਰ ਬਣ ਗਏ ਅਤੇ ਜਿਹੜੇ ਆਗਿਆ ਮੰਨਣ ਤੋਂ ਇਨਕਾਰੀ ਹੋਏ ਤਾਂ ਕਿਵੇਂ ਉਹਨਾਂ ਦਾ ਜੀਵਨ ਇਤਿਹਾਸ ਦੇ ਕਾਲੇ ਪੰਨੇ ਬਣ ਗਿਆ।

ਉਹਨਾਂ ਦੱਸਿਆ ਕਿ ਜਦੋਂ ਬੱਚਿਆਂ ਦੇ ਸਾਹਮਣੇ ਇਹ ਸਲਾਈਡ ਸ਼ੋਅ ਸਕਰੀਨ ਤੋਂ ਪੇਸ਼ ਕੀਤੇ ਜਾਣਗੇ ਤਾਂ ਉਹਨਾਂ ਨੂੰ ਇੱਕ ਪ੍ਰਿੰਟ ਕੀਤੀ ਹੋਈ ਵਰਕ ਸ਼ੀਟ ਦਿੱਤੀ ਜਾਵੇਗੀ ਜਿਸ ਵਿੱਚ ਉਸ ਸਲਾਈਡ ਸ਼ੋਅ ਨਾਲ ਸਬੰਧਿਤ ਸਵਾਲ ਹੋਣਗੇ। ਉਹਨਾਂ ਸਵਾਲਾਂ ਦੇ ਜਵਾਬ ਉਹ ਨਾਲੋ ਨਾਲ ਸਲਾਈਡ ਸ਼ੋਅ ਵਿੱਚੋਂ ਲੱਭ ਕੇ ਲਿਖਣਗੇ। ਇਸ ਤਰਾਂ ਗੁਰੂ ਵਿਰਸੇ ਦੀ ਜਾਣਕਾਰੀ ਬਹੁਤ ਸੌਖੀ ਉਹਨਾਂ ਦੇ ਜ਼ਿਹਨ ਵਿੱਚ ਭਰੀ ਜਾਂਦੀ ਹੈ ਜੋ ਫਿਰ ਕਦੀ ਵੀ ਭੁਲਦੀ ਨਹੀਂ। ਇਹ ਗਿਆਨ ਉਹਨਾਂ ਦੀ ਜਿੰਦਗੀ ਦਾ ਕੀਮਤੀ ਗਹਿਣਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਉਹਨਾਂ ਨੂੰ ਧਾਰਮਿਕ ਲਘੂ ਫਿਲਮਾਂ ਦਿਖਾਈਆਂ ਜਾਣਗੀਆਂ, ਡਿਸਕਸ਼ਨ ਹੋਇਆ ਕਰੇਗੀ ਅਤੇ ਉਹਨਾਂ ਦੇ ਮਨੋਰੰਜਨ ਲਈ ਇਨਡੋਰ ਗੇਮਾਂ ਵੀ ਕਰਵਾਈਆਂ ਜਾਣਗੀਆਂ। ਹਰ ਦਿਨ ਉਹਨਾਂ ਨੂੰ ਪੀਜਾ ਅਤੇ ਸਬ ਆਦਿ ਲੰਗਰ ਵੀ ਵਰਤਾਇਆ ਜਾਵੇਗਾ। ਕੈਂਪ ਲਈ ਰਸਿਟਰੇਸ਼ਨ ਕਰਵਾਉਣ ਲਈ ਅਤੇ ਹੋਰ ਵਧੇਰੇ ਜਾਣਕਾਰੀ ਲੈਣ ਲਈ ਫੋਨ ਨੰਬਰ 639-590-4464 ਰਾਹੀਂ ਜਾਂ ਈ ਮੇਲ ਸਿੱਖਵੈਲਿਯੂਸ ਐਟ ਜੀਮੇਲ ਡੌਟ ਕੌਮ ਰਾਹੀਂ ਅਤੇ ਵੈੱਬਸਾਈਟ ਸਿੱਖਮਿਊਨਿਟੀ ਡੌਟ ਨੈੱਟ ਤੇ ਜਾ ਕੇ ਸੰਪਰਕ ਕੀਤਾ ਜਾ ਸਕਦਾ ਹੈ।

# ਪਿਤਾ-ਦਿਵਸ ਨੂੰ ਸਮਰਪਿਤ ਰਹੀ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਜੂਨ ਮਹੀਨੇ ਦੀ ਮਿਲਣੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨੇਵਾਰ ਮੀਟਿੰਗ 17 ਜੂਨ 2023 ਨੂੰ ਜੈਨੇਸਸ ਸੈਂਟਰ ਕੈਲਗਰੀ ਵਿੱਚ ਕੀਤੀ ਗਈ। ਜੂਨ ਮਹੀਨੇ ਦੀ ਇਹ ਮੀਟਿੰਗ ਪਿਤਾ-ਦਿਵਸ ਨੂੰ ਸਮਰਪਿਤ ਰਹੀ। ਸਾਹਿਤਕ ਜਗਤ ਦੀ ਜਾਣੀ-ਮਾਣੀ ਲੇਖਕਾ ਡਾ: ਗੁਰਮਿੰਦਰ ਕੌਰ ਸਿੱਧੂ ਜੋ ਪੇਸ਼ੇ ਤੋਂ ਇੱਕ ਡਾਕਟਰ ਹਨ, ਉਹਨਾਂ ਦੇ ਜੀਵਨ ਸਾਥੀ ਤੇ ਮਿੰਨੀ ਕਹਾਣੀਕਾਰ ਡਾ: ਬਲਦੇਵ ਸਿੰਘ ਖਹਿਰਾ, ਸਪੁੱਤਰ ਕਹਾਣੀਕਾਰ ਰਿਸ਼ਮਦੀਪ ਸਿੰਘ ਮੀਟਿੰਗ ਵਿੱਚ ਮੁੱਖ ਮਹਿਮਾਨ ਵੱਜੋਂ ਹਾਜ਼ਰ ਹੋਏ। ਮੀਟਿੰਗ ਦੀ ਸ਼ੁਰੂਆਤ ਵਿੱਚ ਮੁੱਖ ਮਹਿਮਾਨਾਂ ਅਤੇ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਦਾ ਸੱਦਾ ਦਿੰਦਿਆਂ ਸਭਾ ਕੁਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਸਭ ਨੂੰ ਜੀ ਆਇਆਂ ਆਖਿਆ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਮੀਟਿੰਗ ਦੇ ਮੁੱਖ ਵਿਸ਼ੇ ਨੂੰ ਛੂਹਦਿਆਂ ਪਿਤਾ ਦੀ ਜੀਵਨ ਵਿੱਚ ਅਹਮੀਅਤ ਬਾਰੇ ਗੱਲ-ਬਾਤ ਕੀਤੀ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਲਿਖੀ ਰਚਨਾ "ਧੀ ਵਲੋਂ ਦਰਦਾਂ ਭਰਿਆ ਗੀਤ" ਸੁਣਾਇਆ। ਲੇਖਕਾ ਡਾ: ਗੁਰਮਿੰਦਰ ਕੌਰ ਸਿੱਧੂ ਨੇ ਆਪਣੇ ਸਾਹਿਤਕ ਸਫ਼ਰ ਅਤੇ ਜੀਵਨ ਬਾਰੇ ਗੱਲ-ਬਾਤ ਸਾਂਝੀ ਕੀਤੀ। ਉਹਨਾਂ ਪੰਜਾਬੀ ਭਾਸ਼ਾ ਨਾਲ ਆਪਣੀ ਸਾਂਝ, ਜ਼ਿੰਦਗੀ ਦੇ ਤਜ਼ਰਬਿਆਂ ਅਤੇ ਪੰਜਾਬੀ ਮਾਂ ਬੋਲੀ ਦੀ ਵਿਲੱਖਣਤਾ ਦੀ ਗੱਲ ਕਰਦਿਆ




ਸਭ ਨੂੰ ਪੰਜਾਬੀ ਬੋਲਣ ਅਤੇ ਲਿਖਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਪੰਜਾਬੀ ਸੱਭਿਆਚਾਰ ਵਿੱਚਲੀਆਂ ਅਸੀਸਾਂ,ਸ਼ਗਨਾਂ,ਵਿਆਹ ਸੱਦਾ ਪੱਤਰ ਅਤੇ ਸੋਗ ਪੱਤਰ ਨੂੰ ਪੰਜਾਬੀ ਮਾਂ ਬੋਲੀ ਵਿੱਚ ਲਿਖਣ ਦੀ ਪਿਰਤ ਪਾਈ ਹੈ। ਉਹਨਾਂ ਨੇ ਆਪਣੀ ਕਿਤਾਬ "ਚਹੁਮੁਖੀਆਂ ਇਬਾਰਤਾਂ" ਬਾਰੇ ਸੰਖੇਪ ਜਾਣਕਾਰੀ ਦਿੱਤੀ ਜੋ ਇਸ ਦੀ ਮਿਸਾਲ ਹੈ। ਡਾ: ਗੁਰਮਿੰਦਰ ਕੌਰ ਸਿੱਧੂ ਨੇ ਪਿਤਾ ਅਤੇ ਧੀਆਂ ਦੇ ਮੋਹ ਨੂੰ ਪੇਸ਼ ਕਰਦੀ ਇੱਕ ਕਵਿਤਾ ਵੀ ਹਾਜ਼ਰ ਭੈਣਾਂ ਨਾਲ ਸਾਂਝੀ ਕੀਤੀ। ਮਿੰਨੀ ਕਹਾਣੀਕਾਰ ਬਲਦੇਵ ਸਿੰਘ ਖਹਿਰਾ ਨੇ ਭਰੂਣ ਹਤਿਆ ਦੀ ਨਿਖੇਧੀ ਕਰਦਿਆਂ ਡਾ: ਗੁਰਮਿੰਦਰ ਕੌਰ ਸਿੱਧੂ ਦੀਆਂ ਕੁੱਝ ਰਚਨਾਵਾਂ ਬਾਰੇ ਦੱਸਿਆ ਅਤੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਬਾਰੇ ਦੱਸਿਆ।ਉਹਨਾਂ ਅਜੋਕੇ ਸਮੇਂ ਦੀ ਤ੍ਰਾਸਦੀ, ਪੁੱਤਰ ਵੱਲੋਂ ਪਿਤਾ ਨਾਲ ਕੀਤੇ ਜਾਣ ਵਾਲੇ ਦੁਰਵਿਹਾਰ ਨੂੰ ਬਿਆਨ ਕਰਦੀ ਇੱਕ ਬਹੁਤ ਹੀ ਭਾਵੁਕ ਮਿੰਨੀ ਕਹਾਣੀ "ਬਾਪੂ" ਸੁਣਾਈ। ਰਿਸ਼ਮਦੀਪ ਸਿੰਘ ਨੇ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਰਦਾਰ ਬੰਦਾ ਬਹਾਦਰ ਜੀ ਦੇ ਮਿਲਾਪ ਨੂੰ ਦ੍ਰਿਸ਼ਬੱਧ ਕਰਦੀ ਕਵਿਤਾ ਬਹੁਤ ਹੀ ਪ੍ਰਭਾਵਪੂਰਨ ਢੰਗ ਨਾਲ ਪੇਸ਼ ਕੀਤੀ। ਸਭਾ ਵੱਲੋਂ ਕੈਲਗਰੀ ਨੌਰਥਵੈਸਟ ਵਿੱਚ ਇੱਕ ਪਿਤਾ-ਪੁੱਤਰ ਵੱਲੋਂ ਨਾਬਾਲਗ ਬੱਚੀਆਂ ਨਾਲ ਹੋਏ ਜਿਨਸੀ ਸ਼ੋਸ਼ਣ ਅਤੇ ਭਾਰਤੀ ਪਹਿਲਵਾਨ ਖਿਡਾਰਨਾਂ ਨਾਲ ਹੋ ਰਹੀ ਬੇਅਦਬੀ ਦਾ ਵਿਰੋਧ ਕੀਤਾ ਅਤੇ ਹੱਥ ਖੜੇ ਕਰ ਪੀੜਤ ਲੜਕੀਆਂ ਦੇ ਹੱਕ ਵਿੱਚ ਖੜਨ ਦਾ ਮਤਾ ਪਾਇਆ। ਇਸ ਤੋਂ ਇਲਾਵਾ ਮੁਖਤਿਆਰ ਕੌਰ, ਗੁਰਿੰਦਰ ਕੌਰ,ਹਰਚਰਨ ਬਾਸੀ, ਹਰਬੰਸ ਕੌਰ, ਜਤਿੰਦਰ ਕੌਰ,ਸਰਬਜੀਤ ਉੱਪਲ, ਗੁਰਤੇਜ ਕੌਰ ,ਗੁਰਜੀਤ ਬੈਦਬਾਨ ਅਤੇ ਅਮਰਜੀਤ ਸੱਗੂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਗੀਤ ਪੇਸ਼ ਕੀਤੇ ਗਏ। ਅਮਰਜੀਤ ਵਿਰਦੀ ਅਤੇ ਸੁੱਖਵਿੰਦਰ ਕੌਰ ਬਾਠ ਵੱਲੋਂ ਲੋਕਗੀਤ "ਬਾਬਲ" ਪੇਸ਼ ਕੀਤਾ ਗਿਆ। ਹਰਜੀਤ ਜੌਹਲ ਨੇ ਬਾਬਲ ਟੱਪੇ ਗਾਏ। ਕਿਰਨ ਕਲਸੀ ਵੱਲੋਂ ਪਿਤਾ ਪਿਆਰ ਭਿੱਜੇ ਸ਼ੇਅਰ ਪੇਸ਼ ਕੀਤੇ ਗਏ। ਸੁਖਜੀਤ ਸਿਮਰਨ ਨੇ ਆਪਣੀ ਲਿਖੀ ਕਵਿਤਾ "ਬਾਬਲ ਮੇਰਾ ਬੋਹੜ ਦੀ ਛਾਂ"ਪੇਸ਼ ਕੀਤੀ। ਮੁੱਖ ਮਹਿਮਾਨਾਂ ਅਤੇ ਸਭਾ ਮੈਂਬਰਾਂ ਵੱਲੋਂ ਪਿਤਾ ਦਿਵਸ ਮਨਾਉਂਦਿਆਂ ਕੇਕ ਕੱਟਿਆ ਗਿਆ। ਸੰਦੀਪ ਸਿੰਘ ਅਤੇ ਟੀਮ ਨੇ ਗੁਰੂ ਨਾਨਕ ਫ੍ਰੀ ਕਿਚਨ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਚਾਹਵਾਨ ਵਾਲੰਟੀਅਰਾਂ ਨੂੰ ਇਸ ਮੁਹਿੰਮ ਵਿੱਚ ਜੁੜਣ ਦਾ ਸੱਦਾ ਦਿੱਤਾ। ਗੁਰੂ ਨਾਨਕ ਫ੍ਰੀ ਕਿਚਨ ਵੱਲੋਂ ਸਭਾ ਮੈਂਬਰਾਂ ਲਈ ਭੋਜਨ ਦਾ ਪ੍ਰਬੰਧ ਵੀ ਕੀਤਾ ਗਿਆ। ਮੀਟਿੰਗ ਦੇ ਅੰਤ ਵਿੱਚ ਹਾਜ਼ਰ ਸਾਹਿਤਕ ਸਖਸ਼ੀਅਤਾਂ ਡਾ: ਗੁਰਮਿੰਦਰ ਕੌਰ ਸਿੱਧੂ, ਡਾ਼ ਬਲਦੇਵ ਖਹਿਰਾ ਅਤੇ ਰਿਸ਼ਮਦੀਪ ਸਿੰਘ ਨੂੰ ਸਭਾ ਨਾਲ ਜੁੜੀਆਂ ਲੇਖਕ ਭੈਣਾਂ ਵੱਲੋਂ ਕੁਝ ਕਿਤਾਬਾਂ ਭੇਟ ਕੀਤੀਆਂ ਗਈਆਂ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਵੱਲੋਂ ਸਭ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਮੀਟਿੰਗ ਦੀ ਸਮਾਪਤੀ ਕੀਤੀ ਗਈ।









# ਵੈਨਕੂਵਰ ਦੇ 'ਕੈਨੇਡਾ ਪਲੇਸ' ਤੋਂ 'ਕਾਮਾਗਾਟਾਮਾਰੂ ਪਲੇਸ' ਬਣਨ ਤੱਕ ਦਾ ਸਫਰ

ਸਰੋਕਾਰ
-ਗੁਰਪ੍ਰੀਤ ਸਿੰਘ ਤਲਵੰਡੀ
778-980-9196



ਕੈਨੇਡਾ ਦਾ ਪ੍ਰਮੁੱਖ ਸ਼ਹਿਰ ਵੈਨਕੂਵਰ ਵਿਸ਼ਵ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਦੂਜੇ ਸਥਾਨ ਤੇ ਸ਼ੁਮਾਰ ਹੈ। ਇਹ ਉਹ ਸ਼ਹਿਰ ਹੈ ਜਿੱਥੇ ਰਹਿਣ ਲਈ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਵਧੇਰੇ ਤਰਜੀਹ ਦਿੰਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦਾ ਸ਼ਿੰਗਾਰ ਬਣਿਆਂ ਹੋਇਆ ਹੈ ਉਕਤ ਸ਼ਹਿਰ। ਪਹਿਲਾਂ ਪਹਿਲ 20 ਵੀਂ ਸਦੀ ਦੇ ਸ਼ੁਰੂਆਤ ਵਿੱਚ ਜਦ ਕੇਵਲ ਸਮੁੰਦਰੀ ਜਹਾਜ਼ ਹੀ ਆਵਾਜਾਈ ਦਾ ਕੇਵਲ ਸਾਧਨ ਸਨ, ਤਾਂ ਉਸ ਵੇਲ਼ੇ ਪੰਜਾਬੀਆਂ ਨੇ ਜਦ ਕੈਨੇਡਾ ਦੀ ਧਰਤੀ ਵੱਲ ਨੂੰ ਚਾਲੇ ਪਾਏ ਤਾਂ ਵੈਨਕੂਵਰ ਦੀ ਬੰਦਰਗਾਹ ਹੀ ਪੰਜਾਬੀਆਂ ਦੀ ਪਹਿਲੀ ਰਿਹਾਇਸ਼ਗਾਹ ਬਣੀ। ਇਹੀ ਕਾਰਨ ਹੈ ਕਿ ਕੈਨੇਡਾ ਦੇ ਇਸ ਖਿੱਤੇ ਵਿੱਚ ਪੰਜਾਬੀਆਂ ਦੇ ਪਰਿਵਾਰ 100 ਸਾਲ ਤੋਂ ਵੀ ਉੱਪਰ ਸਮੇਂ ਤੋਂ ਐੱਥੇ ਰਹਿ ਰਹੇ ਹਨ।

ਹੁਣ ਗੱਲ ਹਾਂ ਵੈਨਕੂਵਰ ਦੇ ਕੈਨੇਡਾ ਪਲੇਸ ਦੀ। 'ਕੈਨੇਡਾ ਪਲੇਸ' ਨੂੰ ਵੈਨਕੂਵਰ ਦਾ ਦਿਲ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਪਲੇਸ ਸਮੁੱਚੇ ਵਿਸ਼ਵ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ। ਕੋਈ ਵੀ ਸੈਲਾਨੀ ਬ੍ਰਿਟਿਸ਼ ਕੋਲੰਬੀਆ ਘੁੰਮਣ ਲਈ ਆਉਂਦਾ ਹੈ ਤਾਂ ਉਹ ਕੈਨੇਡਾ ਪਲੇਸ ਦੇਖੇ ਬਿਨ੍ਹਾਂ ਆਪਣੀ ਯਾਤਰਾ ਨੂੰ ਅਧੂਰੀ ਸਮਝਦਾ ਹੈ।

ਕੈਨੇਡਾ ਪਲੇਸ ਵੈਨਕੂਵਰ ਦੀ ਬੁਰਾਰਡ ਸਟਰੀਟ ਤੇ ਸਥਿੱਤ ਹੈ। ਇਹ ਵੈਨਕੂਵਰ ਕਨਵੈਨਸ਼ਨ ਸੈਂਟਰ, ਪੈਨ ਪੈਸੀਫਿਕ ਵੈਨਕੂਵਰ ਹੋਟਲ, ਵੈਨਕੂਵਰ ਵਰਲਡ ਟਰੇਡ ਸੈਂਟਰ ਅਤੇ ਵਰਚੁਅਲ ਫਲਾਈਟ ਰਾਈਡ-ਫਲਾਈਓਵਰ ਦਾ ਸਾਂਝਾ ਕੇਂਦਰ ਹੈ। ਕੈਨੇਡਾ ਪਲੇਸ ਦਾ ਬਾਹਰੀ ਹਿੱਸਾ ਫੈਬਰਿਕ ਛੱਤਾਂ ਨਾਲ਼ ਢਕਿਆ ਹੋਇਆ ਹੈ। ਇਹ ਮੁੱਖ ਕਰੂਜ਼ ਸ਼ਿਪ ਟਰਮੀਨਲ ਵੀ ਹੈ, ਜਿੱਥੋਂ ਅਮਰੀਕਾ ਦਾ ਰੌਸ਼ਨੀਆਂ ਦੇ ਸ਼ਹਿਰ ਅਲਾਸਕਾ ਲਈ ਕਰੂਜ਼ ਚੱਲਦੇ ਹਨ। ਕੈਨੇਡਾ ਪਲੇਸ ਦੇ ਨਿਰਮਾਣ ਅਤੇ ਇਸਦੀ ਬਣਤਰ ਵੱਲ ਦੇਖੀਏ ਤਾਂ ਇਸਨੂੰ ਆਰਕੀਟੈਕਟ ਜ਼ੇਡਲਰ ਰਾਬਰਟਸ ਦੀ ਭਾਈਵਾਲੀ ਵਾਲੀ ਕੰਪਨੀ ਵਲੋਂ ਮਸਨ ਕੈਟੇਲ ਮੈਕੀ ਅਤੇ ਡੀ ਏ ਆਰਕੀਟਿਕਟ ਦੁਆਰਾ ਸਾਂਝੇ ਉੱਦਮ ਸਦਕਾ ਡਿਜਾਇਨ ਕੀਤਾ ਗਿਆ ਸੀ। ਇਸਦਾ ਨਿਰਮਾਣ 9 ਮਾਰਚ ਸੰਨ੍ਹ 1983 ਤੋਂ ਸ਼ੁਰੂ ਹੋ ਕੇ ਦਸੰਬਰ ਸੰਨ੍ਹ 1985 ਤੱਕ ਚੱਲਿਆ। ਇਸ ਨੂੰ 2 ਮਈ 1986 ਵਿੱਚ ਆਮ ਲੋਕਾਂ ਲਈ ਖੋਲਿਆ ਗਿਆ। ਮੁੜ 2011 ਵਿੱਚ ਇਸਦੀ ਮੁਰੰਮਤ ਦਾ ਕੰਮ ਕੀਤਾ ਗਿਆ। ਇਸਦੇ ਕੁੱਲ ਨਿਰਮਾਣ ਉੱਪਰ ਕਰੀਬ 400 ਮਿਲੀਅਨ ਡਾਲਰ ਦਾ ਲਾਗਤ ਆਈ ਦੱਸੀ ਜਾਂਦੀ ਹੈ। ਇਹ ਸਥਾਨ ਵੈਨਕੂਵਰ ਡਾਊਨ ਟਾਊਨ ਦੇ ਸਭ ਤੋਂ ਭੀੜ ਭੜੱਕੇ ਵਾਲੇ ਵਾਟਰ ਫਰੰਟ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ। ਇਹ ਉਹੀ ਸਟੇਸ਼ਨ ਹੈ ਜੋ ਸਕਾਈ ਟਰੇਨ, ਸੀ ਬੱਸ (ਪਾਣੀ ਵਾਲ਼ੀ ਬੱਸ) ਅਤੇ ਵੈਸਟ ਕੋਸਟ ਐਕਸਪਰੈੱਸ ਦਾ ਮੁੱਖ ਕੇਂਦਰ ਹੈ। ਇਸਨੂੰ ਮੁੱਖ ਰੂਪ ਵਿੱਚ ਪੈਸੀਫਿਕ ਓਸ਼ਨ (ਸਮੁੰਦਰ) ਰਾਹੀਂ ਹੋਰਨਾਂ ਮੁਲਕਾਂ ਨਾਲ਼ ਸਮੁੰਦਰੀ ਰਸਤੇ ਵਪਾਰ ਕਰਨ ਲਈ ਬਣਾਇਆ ਗਿਆ ਸੀ। ਇਸਦੀ ਉਸਾਰੀ ਮੌਕੇ ਇੰਗਲੈਂਡ ਦੀ ਮਹਾਰਾਣੀ ਐਲਿਜਾਬੈੱਥ ਦੂਜੀ, ਕੈਨੇਡਾ ਦੇ ਪ੍ਰਧਾਨ ਮੰਤਰੀ ਪੀ ਆਰ ਏ ਟਰੂਡੋ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵਿਲੀਅਮ ਆਰ ਬੈਨੇਟ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਸੰਨ੍ਹ 2010 ਦੀਆਂ ਉਲੰਪਿਕ ਖੇਡਾ ਦੌਰਾਨ ਕੈਨੇਡਾ ਪਲੇਸ ਨੂੰ ਮੁੱਖ ਪ੍ਰੈੱਸ ਕੈਂਦਰ ਵਜੋਂ ਵੀ ਵਰਤਿਆ ਗਿਆ ਸੀ। ਕੈਨੇਡਾ ਪਲੇਸ ਵਿਚਲਾ ਫਲਾਈਓਵਰ ਵੀ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਲਈ ਇੱਕ ਅਭੁੱਲ ਯਾਦ ਹੁੰਦਾ ਹੈ। ਇਸ ਵਿੱਚ ਸੈਲਾਨੀਆਂ ਨੂੰ ਕੁਰਸੀਆਂ ਦੇ ਬਿਠਾ ਕੇ ਸਕਰੀਨ ਦੇ ਜ਼ਰੀਏ ਸਾਰੀ ਕੈਨੇਡਾ ਦੀ ਸੈਰ ਕਰਵਾਈ ਜਾਂਦੀ ਹੈ। ਇਸਨੂੰ ਵਰਚੁਅਲ ਰਾਈਡ ਕਿਹਾ ਜਾਂਦਾ ਹੈ। ਇਸ ਰਾਈਡ ਦੌਰਾਨ ਸੈਲਾਨੀਆਂ ਨੂੰ ਬਰਫ, ਪਾਣੀ ਦੀਆਂ ਬੁਛਾੜਾਂ, ਫਸਲਾਂ ਦੀ ਹੋਂਦ ਦਾ ਅਹਿਸਾਸ ਜਾਂ ਹਰ ਤਰ੍ਹਾਂ ਦੀ ਗੰਧ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਐੱਥੋਂ ਹੀ ਬ੍ਰਿਟਿਸ਼ ਕੋਲੰਬੀਆ ਦੇ ਹੋਰ ਪਹਾੜੀ ਸ਼ਹਿਰਾਂ ਕੈਲੋਨਾ, ਸਕੋਮਿਸ਼, ਵਿਸਲਰ ਜਾਂ ਵਿਕਟੋਰੀਆ ਵੱਲ ਨੂੰ ਛੋਟੇ ਹਵਾਈ ਜਹਾਜ ਵੀ ਉਡਾਣ ਭਰਦੇ ਹਨ। ਇਹਨਾਂ ਛੋਟੇ ਹਵਾਈ ਜਹਾਜਾਂ ਦੀ ਖਾਸੀਅਤ ਇਹ ਹੈ ਕਿ ਇਹ ਪਾਣੀ ਵਿੱਚ ਤੈਰਕੇ ਹੀ ਅਸਮਾਨ ਵੱਲ ਨੂੰ ਉਡਾਣ ਭਰਦੇ ਹਨ। ਇਸੇ ਪਲੇਸ ਦੇ ਨੇੜੇ ਹੀ ਸਮੁੰਦਰ ਵਿੱਚ ਸ਼ੈਵਰਲਿੱਟ ਕੰਪਨੀ ਵਲੋਂ ਪੈਟਰੋਲ ਪੰਪ ਵੀ ਲਗਾਇਆ ਹੋਇਆ ਹੈ, ਜੋ ਬਿਲਕੁਲ ਚਾਰੇ ਪਾਸਿਉਂ ਪਾਣੀ ਵਿੱਚ ਘਿਰਿਆ ਹੋਇਆ ਹੈ।

ਕੈਨੇਡਾ ਪਲੇਸ ਉਸ ਹਰਬਰ ਪੋਰਟ ਤੇ ਸਥਿੱਤ ਹੈ ਜਿੱਥੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ ਆ ਕੇ ਖੜਾ ਸੀ। ਉਸ ਵਕਤ ਗੋਰੀ ਸਰਕਾਰ ਵਲੋਂ ਇਸ ਜਹਾਜ ਦੇ ਸਾਰੇ ਹੀ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇਹ ਜਹਾਜ ਕਰੀਬ ਦੋ ਕੁ ਮਹੀਨੇ ਬਾਅਦ ਵਾਪਸ ਭਾਰਤ ਵੱਲ ਨੂੰ ਰਵਾਨਾਂ ਕਰਨਾਂ ਪਿਆ। ਉੱਥੇ ਜਾ ਕੇ ਬਜ ਬਜ ਘਾਟ ਵਿਖੇ ਗੋਲੀ ਚਲਾ ਕੇ ਇਸਦੇ ਕੁੱਝ ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕੁੱਝ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਇਸ ਜਹਾਜ਼ ਵਿੱਚ ਕੁੱਲ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਹੁਣ ਦੀਆਂ ਕੈਨੇਡੀਅਨ ਸਰਕਾਰਾਂ ਪੰਜਾਬੀਆਂ ਦਾ ਕੈਨੇਡਾ ਦੀ ਧਰਤੀ ਨੂੰ ਹਰ ਪੱਖੋਂ ਵਿਕਾਸ ਦੀਆਂ ਲੀਹਾਂ ਤੇ ਲਿਜਾਣ ਲਈ ਮਾਣ ਕਰਦੀਆਂ ਰਹੀਆਂ ਹਨ। ਕਾਮਾਗਾਟਾਮਾਰੂ ਯਾਤਰੀਆਂ ਨਾਲ਼ ਹੋਈ ਜਿਆਦਤਾਈ ਕਾਰਨ ਕੈਨੇਡੀਅਨ ਪਾਰਲੀਮੈਂਟ ਵਿੱਚ ਜਨਤਕ ਮੁਆਫੀ ਵੀ ਮੰਗੀ ਜਾ ਚੁੱਕੀ ਹੈ। ਪੋਰਟ ਹਰਬਰ ਤੇ ਇੱਕ ਵਿਸੇਸ਼ ਪਾਰਕ ਬਣਾਕੇ ਕਾਮਾਗਾਟਾਮਾਰੂ ਦੀ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ ਯਤਨ ਵੀ ਕੀਤੇ ਗਏ ਹਨ। ਇਸ ਪਾਏ ਕੰਮ ਕਰ ਰਹੀ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਉੱਦਮ ਸਦਕਾ ਸਰੀ ਅਤੇ ਐਬਟਸਫੋਰਡ ਦੀਆਂ ਕਈ ਸੜਕਾਂ ਦਾ ਨਾਮ ਵੀ ਕਾਮਾਗਾਟਾਮਾਰੂ ਦੇ ਨਾਮ ਤੇ ਰੱਖਿਆ ਗਿਆ ਹੈ। ਕੁੱਝ ਦਿਨ ਪਹਿਲਾਂ ਵੈਨਕੂਵਰ ਸਿਟੀ ਕੌਂਸਲ ਵਲੋਂ ਮੇਅਰ ਕੈਨ ਸਿੰਮ ਵਲੋਂ ਬਕਾਇਆ ਮਤਾ ਪਾਸ ਕਰਦਿਆਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ਰੱਖਿਆ ਗਿਆ। ਜੋ ਪੰਜਾਬੀਆਂ ਲਈ ਵੱਡੀ ਮਾਣ ਵਾਲ਼ੀ ਗੱਲ ਹੈ। ਇਸ ਵੱਡੀ ਪ੍ਰਾਪਤ ਲਈ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਸ: ਰਾਜ ਸਿੰਘ ਤੂਰ ਦਾ ਯੋਗਦਾਨ ਕਾਬਲੇ ਤਾਰੀਫ ਹੈ, ਜੋ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰ ਬਾਬਾ ਪੂਰਨ ਸਿੰਘ ਜਨੇਤਪੁਰਾ ਦੇ ਪੋਤਰੇ ਹਨ। ਜਿਲ੍ਹਾ ਲੁਧਿਆਣਾਂ ਦੀ ਤਹਿਸੀਲ ਜਗਰਾਉਂ ਨੇੜਲੇ ਪਿੰਡ ਜਨੇਤਪੁਰਾ ਦੇ ਵਸਨੀਕ ਬਾਬਾ ਪੂਰਨ ਸਿੰਘ ਜਨੇਤਪੁਰਾ ਖੁਦ ਉਸ ਵੇਲੇ ਉਚੇਰੀ ਪੜਾਈ ਲਈ ਕੈਨੇਡਾ ਪਹੁੰਚ ਰਹੇ ਸਨ।

ਵੈਨਕੂਵਰ ਦੇ ਕੈਨੇਡਾ ਪਲੇਸ ਦਾ ਸੈਕੰਡਰੀ ਨਾਮ ਕਾਮਾਗਾਟਾਮਾਰੂ ਪਲੇਸ ਰੱਖਣ ਦੀ ਵੱਡੀ ਪ੍ਰਾਪਤੀ ਬਾਰੇ ਗੱਲਬਾਤ ਕਰਦਿਆਂ ਉੱਘੇ ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਤ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹਾ ਹੋਣ ਨਾਲ਼ ਪੰਜਾਬੀਆਂ ਦੇ ਸੰਘਰਸ਼ ਦਾ ਇੱਕ ਅਹਿਮ ਪੰਨਾਂ ਅੰਤਰਰਾਸ਼ਟਰੀ ਪੱਧਰ ਤੇ ਹੋਰਨਾਂ ਕੌਮਾਂ ਲਈ ਵੀ ਖਿੱਚ ਦਾ ਕੇਂਦਰ ਬਣੇਗਾ, ਕਿਉਂਕਿ ਕਾਮਾਗਾਟਾਮਾਰੂ ਸਾਕਾ ਹੁਣ ਕੈਨੇਡਾ ਦੇ ਇਤਿਹਾਸਕ ਅਜੂਬੇ ਨਾਲ਼ ਪੱਕੇ ਤੌਰ ਤੇ ਜੁੜ ਚੁੱਕਾ ਹੈ, ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਇਸ ਤੇ ਮਾਣ ਮਹਿਸੂਸ ਕਰ ਸਕਣਗੀਆਂ।








# 'ਪੀਲੂ ਦਾ ਮਿਰਜਾ ਸਾਹਿਬਾਂ ਤੇ ਹੋਰ ਰਚਨਾ' ਪੁਸਤਕ ਰੋਮਾਂਸਵਾਦ ਅਤੇ ਅਧਿਆਤਮਵਾਦ ਦਾ ਸੁਮੇਲ

ਸਰੋਕਾਰ
ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੀਲੂ ਮਿਰਜਾ ਸਾਹਿਬਾਂ ਦਾ ਕਿੱਸਾ ਲਿਖਣ ਵਾਲਾ ਪਹਿਲਾ ਸ਼ਾਇਰ ਗਿਣਿਆਂ ਜਾਂਦਾ ਹੈ। ਪੀਲੂ ਨੇ ਮਿਰਜਾ ਸਾਹਿਬਾਂ ਦੇ ਰੋਮਾਂਸ ਦਾ ਕਿੱਸਾ ਲਿਖਿਆ। ਪੀਲੂ ਦੇ ਨਾਮ 'ਤੇ ਇਸ਼ਕ ਹਕੀਕੀ ਭਾਵ ਅਧਿਆਤਮਕ ਰਚਨਾ ਵੀ ਉਪਲਭਧ ਹੈ। ਇਸ ਲਈ ਸਾਹਿਤਕਾਰਾਂ ਤੇ ਪੜਚੋਲਕਾਰਾਂ ਵਿੱਚ ਵਿਚਾਰਾਂ ਦੇ ਵਖਰੇਵੇਂ ਹਨ ਹਨ ਕਿ ਪੀਲੂ ਇਕ ਜਾਂ ਦੋ ਸਨ। ਡਾ.ਭਗਵੰਤ ਸਿੰਘ ਅਤੇ ਡਾ.ਰਾਮਿੰਦਰ ਕੌਰ ਨੇ ਚਰਚਾ ਅਧੀਨ ਪੁਸਤਕ ਵਿੱਚ ਉਦਾਹਰਨਾ ਦੇ ਕੇ ਤੱਥਾਂ ਨਾਲ ਸਾਬਤ ਕੀਤਾ ਹੈ ਕਿ ਪੀਲੂ ਇਕ ਹੀ ਸੀ। ਜਵਾਨੀ ਵਿੱਚ ਉਸ ਨੇ ਮਿਰਜਾ ਸਾਹਿਬਾਂ ਦੇ ਇਸ਼ਕ ਦਾ ਰੋਮਾਂਟਿਕ ਕਿੱਸਾ ਲਿਖਿਆ ਸੀ। ਜਦੋਂ ਉਹ ਉਮਰ ਦਰਾਜ ਭਾਵ ਬਜ਼ੁਰਗ ਹੋ ਗਏ ਤਾਂ ਉਨ੍ਹਾਂ ਇਸ਼ਕ ਹਕੀਕੀ ਦੀ ਰਚਨਾ ਕੀਤੀ ਹੈ। ਲੇਖਕਾਂ ਨੇ ਇਸ ਪੁਸਤਕ ਨੂੰ ਪੰਜ ਭਾਗਾਂ 'ਪੀਲੂ ਅਤੇ ਮਿਰਜਾ ਸਾਹਿਬਾਂ ਦੀ ਗਾਥਾ', ਕਿੱਸਾ ਕਲਾ', 'ਰਸ ਵਿਧਾਨ', 'ਮੂਲ ਪਾਠ' ਅਤੇ ਅੰਤਿਕਾਵਾਂ ਵਿੱਚ ਵੰਡਿਆ ਹੈ। ਵੈਸੇ ਤਾਂ ਸਾਰੇ ਭਾਗਾਂ ਦੀ ਲੜੀ ਆਪਸ ਵਿੱਚ ਜੁੜਦੀ ਹੈ ਪ੍ਰੰਤੂ ਫਿਰ ਵੀ ਪੰਜ ਭਾਗ ਬਣਾਏ ਹਨ।

ਪੀਲੂ ਅਤੇ ਮਿਰਜਾ ਸਾਹਿਬਾਂ ਦੀ ਗਾਥਾ: ਲੇਖਕਾਂ ਅਨੁਸਾਰ ਪੀਲੂ ਪਹਿਲਾ ਪੰਜਾਬੀ ਦਾ ਵੱਡਾ ਸ਼ਾਇਰ ਹੈ, ਜਿਸ ਨੇ ਇਹ ਗਾਥਾ ਲਿਖੀ। ਪੀਲੂ ਦੀ ਇਹ ਗਾਥਾ ਇਤਨੀ ਪ੍ਰਵਾਨ ਹੋਈ ਕਿ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਗਾਈ ਜਾਂਦੀ ਹੈ। ਪੰਜਾਬ ਦੀ ਇਸ ਪ੍ਰਸਿੱਧ ਲੋਕ ਗਾਥਾ ਦਾ ਅੰਤ ਦੁੱਖ ਭਰਿਆ ਹੈ। ਇਹ ਗਾਥਾ ਪੰਜਾਬੀਆਂ ਦੇ ਲੋਕ ਮਨਾਂ ਵਿੱਚ ਡੂੰਘੀ ਸਮਾਈ ਹੋਈ ਹੈ। ਲੋਕਾਂ ਵਿੱਚ ਮਿਰਜਾ ਬਹਾਦਰ ਸੂਰਮੇ ਆਸ਼ਕ ਵਜੋਂ ਨਿਵਾਸ ਕਰਦਾ ਹੈ। ਭਾਵ ਉਹ ਲੋਕ ਨਾਇਕ ਬਣ ਗਿਆ। ਮਿਰਜਾ ਜੱਟ ਮਾਨਸਿਕਤਾ ਦਾ ਪ੍ਰਤੀਕ ਹੈ। ਲੇਖਕਾਂ ਅਨੁਸਾਰ ਪੀਲੂ ਦੇ ਜਨਮ ਸਥਾਨ ਬਾਰੇ ਪ੍ਰਮਾਣੀਕ ਸਬੂਤ ਨਹੀਂ ਮਿਲਦੇ ਪ੍ਰੰਤੂ ਤਰਨਤਾਰਨ ਦੇ ਨੇੜੇ ਇਕ ਖੂਹ ਹੈ, ਜਿਸ ਨੂੰ ਅੱਜ ਵੀ 'ਪੀਲੂ ਦਾ ਖੂਹ' ਕਹਿੰਦੇ ਹਨ। ਇਸ ਕਰਕੇ ਸਾਹਿਤਕਾਰਾਂ ਨੇ ਅਨੁਮਨ ਲਗਾਇਆ ਹੈ ਕਿ ਪੀਲੂ ਦਾ ਪਿੰਡ ਵੀ ਤਰਨਤਾਰਨ ਦੇ ਨਜ਼ਦੀਕ ਵੈਰੋਵਾਲ ਹੀ ਹੋਵੇਗਾ।

ਪੀਲੂ ਅਤੇ ਮਿਰਜਾ ਸਾਹਿਬਾਂ ਦੀ ਗਾਥਾ: ਲੇਖਕਾਂ ਅਨੁਸਾਰ ਪੀਲੂ ਪਹਿਲਾ ਪੰਜਾਬੀ ਦਾ ਵੱਡਾ ਸ਼ਾਇਰ ਹੈ, ਜਿਸ ਨੇ ਇਹ ਗਾਥਾ ਲਿਖੀ। ਪੀਲੂ ਦੀ ਇਹ ਗਾਥਾ ਇਤਨੀ ਪ੍ਰਵਾਨ ਹੋਈ ਕਿ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਗਾਈ ਜਾਂਦੀ ਹੈ। ਪੰਜਾਬ ਦੀ ਇਸ ਪ੍ਰਸਿੱਧ ਲੋਕ ਗਾਥਾ ਦਾ ਅੰਤ ਦੁੱਖ ਭਰਿਆ ਹੈ। ਇਹ ਗਾਥਾ ਪੰਜਾਬੀਆਂ ਦੇ ਲੋਕ ਮਨਾਂ ਵਿੱਚ ਡੂੰਘੀ ਸਮਾਈ ਹੋਈ ਹੈ। ਲੋਕਾਂ ਵਿੱਚ ਮਿਰਜਾ ਬਹਾਦਰ ਸੂਰਮੇ ਆਸ਼ਕ ਵਜੋਂ ਨਿਵਾਸ ਕਰਦਾ ਹੈ। ਭਾਵ ਉਹ ਲੋਕ ਨਾਇਕ ਬਣ ਗਿਆ। ਮਿਰਜਾ ਜੱਟ ਮਾਨਸਿਕਤਾ ਦਾ ਪ੍ਰਤੀਕ ਹੈ। ਲੇਖਕਾਂ ਅਨੁਸਾਰ ਪੀਲੂ ਦੇ ਜਨਮ ਸਥਾਨ ਬਾਰੇ ਪ੍ਰਮਾਣੀਕ ਸਬੂਤ ਨਹੀਂ ਮਿਲਦੇ ਪ੍ਰੰਤੂ ਤਰਨਤਾਰਨ ਦੇ ਨੇੜੇ ਇਕ ਖੂਹ ਹੈ, ਜਿਸ ਨੂੰ ਅੱਜ ਵੀ 'ਪੀਲੂ ਦਾ ਖੂਹ' ਕਹਿੰਦੇ ਹਨ। ਇਸ ਕਰਕੇ ਸਾਹਿਤਕਾਰਾਂ ਨੇ ਅਨੁਮਨ ਲਗਾਇਆ ਹੈ ਕਿ ਪੀਲੂ ਦਾ ਪਿੰਡ ਵੀ ਤਰਨਤਾਰਨ ਦੇ ਨਜ਼ਦੀਕ ਵੈਰੋਵਾਲ ਹੀ ਹੋਵੇਗਾ। ਪੀਲੂ ਆਪਣੀ ਉਮਰ ਦੇ ਆਖ਼ਰੀ ਸਮੇਂ ਸਾਂਦਲਬਾਰ ਦੇ ਇਲਾਕੇ ਵਿੱਚ ਬੰਦਗੀ ਕਰਦਿਆਂ ਸਵਰਗ ਸਿਧਾਰ ਗਿਆ। ਉਸ ਦੇ ਸਮੇਂ ਬਾਰੇ ਵੀ ਵਿਦਵਾਨ ਇਕਮਤ ਨਹੀਂ ਹਨ। ਭਾਈ ਗੁਰਦਾਸ (1551-1637) ਅਤੇ ਇਸ ਤੋਂ ਬਾਅਦ ਦਾ ਕਹਿੰਦੇ ਹਨ ਪ੍ਰੰਤੂ ਮੰਨਿਆਂ ਜਾ ਰਿਹਾ ਹੈ ਪ੍ਰੇਮ ਗਾਥਾ ਵਾਪਰਨ ਦਾ ਸਮਾਂ ਅਕਬਰ ਰਾਜ ਕਾਲ ਦਾ ਸੀ। ਪੀਲੂ ਅਨੁਸਾਰ ਸਾਹਿਬਾਂ ਖੀਵੇ ਖ਼ਾਨ ਦੇ ਘਰ ਜਨਮੀ ਅਤੇ ਮਿਰਜਾ ਦਾਨਾਬਾਦ ਵੰਝਲ ਦੇ ਘਰ ਕਰੜੇ ਵਾਰ ਵਿੱਚ ਜਨਮਿਆਂ ਸੀ। ਮਿਰਜਾ ਆਪਣੇ ਨਾਨਕੇ ਪੜ੍ਹਨ ਲਈ ਸਿਆਲੀਂ ਗਿਆ ਹੋਇਆ ਸੀ, ਜਿਥੇ ਮਸੀਤੇ ਪੜ੍ਹਦਿਆਂ ਸਾਹਿਬਾਂ ਨਾਲ ਮੁਹੱਬਤ ਹੋ ਗਈ। ਜਦੋਂ ਉਨ੍ਹਾਂ ਦਾ ਇਸ਼ਕ ਜੱਗ ਜ਼ਾਹਰ ਹੋ ਗਿਆ ਤਾਂ ਮਿਰਜੇ ਨੂੰ ਦਾਨਾਬਾਦ ਭੇਜ ਦਿੱਤਾ। ਓਧਰ ਸਾਹਿਬਾਂ ਦੇ ਮਾਪਿਆਂ ਨੇ ਉਸ ਦਾ ਵਿਆਹ ਰੱਖ ਦਿੱਤਾ। ਸਾਹਿਬਾ ਨੇ ਕਰਮੂ ਬ੍ਰਾਹਮਣ ਹੱਥ ਮਿਰਜੇ ਨੂੰ ਸਨੇਹਾ ਦੇ ਕੇ ਬੁਲਾ ਲਿਆ। ਓਧਰ ਮਿਰਜੇ ਦੀ ਭੈਣ ਦਾ ਵਿਆਹ ਸੀ ਪ੍ਰੰਤੂ ਮਿਰਜੇ ਨੇ ਆਪਣੀ ਮਹਿਬੂਬ ਨੂੰ ਪਹਿਲ ਦਿੱਤੀ। ਮਿਰਜਾ ਸਾਹਿਬਾਂ ਨੂੰ ਭਜਾ ਕੇ ਲੈ ਗਿਆ। ਰਸਤੇ ਵਿੱਚ ਆਰਾਮ ਕਰਨ ਲੱਗਿਆ ਤਾਂ ਚੰਦੜ ਆ ਗਏ ਤੇ ਸਾਹਿਬਾਂ ਦੋ ਪੁੜਾਂ ਵਿੱਚ ਫਸ ਗਈ । ਇਕ ਪਾਸੇ ਭਰਾ ਦੂਜੇ ਪਾਸੇ ਆਸ਼ਕ। ਅਖੀਰ ਸਾਹਿਬਾਂ ਨੇ ਮਿਰਜੇ ਦੇ ਤੀਰ ਜੰਡ 'ਤੇ ਟੰਗ ਦਿੱਤੇ। ਚੰਦੜਾਂ ਨੇ ਮਿਰਜਾ ਮਾਰ ਦਿੱਤਾ। ਪੀਲੂ ਤੇ ਹਾਫਿਜ ਬਰਖ਼ੁਰਦਾਰ ਦੇ ਘਟਨਾਵਾਂ ਬਾਰੇ ਵਿਚਾਰ ਨਹੀਂ ਮਿਲਦੇ। ਲੇਖਕਾਂ ਨੇ ਦਸਮ ਗ੍ਰੰਥ, ਰਿਚਰਡ ਟੈਂਪਲ ਅਤੇ ਸਵਿਨਟਰਨ ਦੇ ਮਿਰਜਾ ਸਾਹਿਬਾਂ ਦੀ ਗਾਥਾ ਬਾਰੇ ਵਿਚਾਰ ਵੀ ਦਿੱਤੇ ਹਨ।

ਕਿੱਸਾ ਕਲਾ: ਲੇਖਕਾਂ ਨੇ ਲਿਖਿਆ ਹੈ ਕਿ ਪੀਲੂ ਦੀ ਕਿੱਸਾ ਕਲਾ ਦੀ ਪ੍ਰਸੰਸਾ ਉਸ ਦੇ ਸਮਕਾਲੀ ਕਿੱਸਾਕਾਰਾਂ ਨੇ ਬਾਖ਼ੂਬੀ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਪੀਲੂ ਦਾ ਮਿਰਜਾ ਸਰਵ ਪ੍ਰਵਾਨ ਸੀ। ਪੀਲੂ ਦੇ ਕਿੱਸੇ ਬਾਰੇ ਬਰਖ਼ੁਰਦਾਰ ਕਵੀ ਲਿਖਦਾ ਹੈ:

ਯਾਰੋ ਪੀਲੂ ਨਾਲ ਬਰਾਬਰੀ ਸ਼ਇਰ ਭੁਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀਂ ਦਸਤ ਧਰੇਨ।

ਅਹਿਮਦਯਾਰ ਪੀਲੂ ਦੀ ਕੱਲਾ ਕਲਾ ਬਾਰੇ ਲਿਖਦਾ ਹੈ:

ਪੀਲੂ ਨਾਲ ਨਾ ਰੀਸ ਕਿਸੇ ਉਸ ਦੀ ਸੋਜ਼ ਅਲਹਿਦੀ,
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।

ਪੀਲੂ ਨੇ ਸ਼ਿੰਗਾਰ ਤੇ ਬੀਰ ਰਸ ਨੂੰ ਇਸ ਰੁਮਾਂਟਿਕ ਕਥਾ ਵਿੱਚ ਇਕੱਠਾ ਕਰਕੇ ਨਵੀਂ ਪ੍ਰਥਾ ਕਾਇਮ ਕਰਨ ਦਾ ਯਤਨ ਕੀਤਾ ਹੈ। ਪੀਲੂ ਮਿਰਜੇ ਦੀ ਮੌਤ ਦਾ ਕਾਰਨ ਹੋਣੀ ਨੂੰ ਮੰਨਦਾ ਹੈ:

ਮਿਰਜਿਆ ਐਡ ਪੈਗੰਬਰ ਮਰ ਗਏ ਤੂੰ ਕਿਹਦਾ ਪਾਣੀ ਹਾਰ।

ਪੀਲੂ ਦਾ ਪਾਤਰ ਚਿਤਰਣ ਬਹੁਤ ਸੁਚੱਜਾ ਹੈ। ਉਸ ਨੇ ਪਾਤਰਾਂ ਨੂੰ ਆਦਰਸ਼ਕ ਰੰਗ ਨਹੀਂ ਦਿੱਤਾ। ਮਾਂ, ਮਾਂ ਵਾਂਗ, ਭੈਣ, ਭੈਣਾਂ ਵਾਂਗ ਅਤੇ ਪਿਓ, ਪਿਓ ਵਾਂਗ ਜਦੋਂ ਉਹ ਮਿਰਜੇ ਨੂੰ ਵਰਜਦਾ ਕਹਿੰਦਾ ਹੈ:

ਚੜ੍ਹਦੇ ਮਿਰਜੇ ਖ਼ਾਨ ਨੂੰ ਵੰਝਲ ਦਿੰਦਾ ਮੱਤ,
ਭੱਠ ਰੰਨਾ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ ਰੋ ਕੇ ਦਿੰਦੀਆਂ ਦੱਸ,
ਜਿਸ ਘਰ ਲਾਈ ਦੋਸਤੀ ਮੂਲ ਨਾ ਘੱਤੇ ਲੱਤ।

ਮਿਰਜੇ ਦੀ ਮਾਂ ਬਾਰੇ ਪੀਲੂ ਲਿਖਦਾ ਹੈ:

ਚੜ੍ਹਦੇ ਮਿਰਜੇ ਖ਼ਾਨ ਨੂੰ ਮੱਤਾਂ ਦੇਵੇ ਮਾਂ,
ਬੁਰੇ ਸਿਆਲਾਂ ਦੇ ਮਾਮਲੇ ਬੁਰੀ ਸਿਆਲਾਂ ਦੀ ਰਾਹ।

ਮਿਰਜਾ ਬੱਕੀ ਦੀ ਪ੍ਰਸੰਸਾ ਕਰਦਾ ਹੈ, ਉਸ ਦਾ ਘੁਮੰਡ ਵੀ ਪ੍ਰਗਟ ਹੁੰਦਾ ਹੈ

ਬੱਕੀ ਤੋਂ ਡਰਨ ਫਰਿਸ਼ਤੇ ਮੈਥੋਂ ਡਰੇ ਖੁਦਾ,
ਚੁਭੇ ਵਿੱਚ ਪਤਾਲ ਉਡ ਕੇ ਚੜ੍ਹੇ ਅਕਾਸ਼।
ਮਿਰਜਾ ਮਾਰਿਆ ਮਲਕੁਲ ਮੌਤ ਨੇ ਕੁਝ ਮਾਰਿਆ ਗੁਮਾਨ।
ਵਿੱਚ ਕਬਰਾਂ ਦੇ ਖਪ ਗਿਆ ਮਿਰਜਾ ਸੋਹਣਾ ਜਵਾਨ।

ਪੀਲੂ ਨੇ ਅਲੰਕਾਰ ਅਤੇ ਰੂਪਕ, ਕਵਿਤਾ ਦੇ ਗਹਿਣਿਆਂ ਦੀ ਤਰ੍ਹਾਂ ਵਰਤੇ ਹਨ:

ਮਿਰਜਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁੱਟ ਪਿਆ।
ਧਰਤੀ ਤਾਂਬਾ ਹੋ ਗਈ ਸਿਆਹੀ ਫਿਰੀ ਅਸਮਾਨ।
ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀਂ ਪੈਣ ਗੜੇ।

ਰਸ ਵਿਧਾਨ:

ਰਸ ਵਿਧਾਨ ਵੀ ਪੀਲੂ ਦਾ ਕਮਾਲ ਦਾ ਹੈ। ਉਸ ਨੇ ਸ਼ਿੰਗਾਰ ਰਸ, ਬੀਰ ਰਸ, ਕਰੁਣਾ ਰਸ ਅਤੇ ਹਾਸ ਰਸ ਦੀ ਵਰਤੋਂ ਕੀਤੀ ਹੈ। ਸ਼ਿੰਗਾਰ ਰਸ ਸੁਚੱਜੇ ਢੰਗ ਨਾਲ ਵਰਤਿਆ ਹੈ:

ਕੱਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ,
ਗਜ ਗਜ ਲੰਮੀਆਂ ਮੀਢੀਆਂ ਰੰਗ ਜੋ ਗੋਰਾ ਸੀ।

ਪੀਲੂ ਦਾ ਬੀਰ ਰਸ ਲੂੰ ਕੰਡੇ ਖੜ੍ਹੇ ਕਰ ਦਿੰਦਾ ਹੈ:

ਕੋਈ ਦੀਹਦਾ ਸੂਰਮਾ ਜਿਹੜਾ ਮੈਨੂੰ ਹੱਥ ਕਰੇ,
ਕਟਕ ਭਿੜਾ ਦਿਆਂ ਅੰਬਰੀਂ ਮੈਥੋਂ ਭੀ ਰਾਠ ਡਰੇ।
ਸਿਰ ਸਿਆਲਾਂ ਦੇ ਵੱਢ ਕੇ ਸੁਟਾਂਗਾ ਵਿੱਚ ਰੜੇ।

ਪੀਲੂ ਭਾਵੇਂ ਮਝੈਲ ਸੀ ਪ੍ਰੰਤੂ ਉਸ ਦੀ ਭਾਸ਼ਾ ਠੇਠ ਪੰਜਾਬੀ ਹੈ। ਪੀਲੂ ਦੇ ਕਿੱਸੇ ਵਿੱਚ ਅਸ਼ਲੀਲਤਾ ਨਹੀਂ ਹੈ।

ਮੂਲ ਪਾਠ:ਕਿੱਸਾ ਮਿਰਜਾ ਸਾਹਿਬਾਂ

ਚੌਥੇ ਭਾਗ ਵਿੱਚ ਪੀਲੂ ਦੁਆਰਾ ਲਿਖਿਆ ਕਿੱਸਾ ਮਿਰਜਾ ਸਾਹਿਬਾਂ ਦਾ ਪੂਰਾ ਪਾਠ ਦਿੱਤਾ ਗਿਆ ਹੈ। ਪੀਲੂ ਦਾ ਕਿੱਸਾ ਲਿਖਤ ਰੂਪ ਵਿੱਚ ਨਹੀਂ ਮਿਲਦਾ ਪ੍ਰੰਤੂ ਜੋ ਮਿਲਦਾ ਹੈ, ਉਹ ਅੰਗਰੇਜ਼ ਰਿਚਰਡ ਟੈਂਪਲ ਦੁਆਰਾ'ਦਾ ਲੀਜੈਂਡਜ਼ ਆਫ਼ ਪੰਜਾਬ' ਵਿੱਚ ਪ੍ਰਕਾਸ਼ਤ ਕੀਤਾ ਮਿਲਦਾ ਹੈ। ਇਹ ਕਿੱਸਾ ਰਿਚਰਡ ਟੈਂਪਲ ਨੇ ਕਿਸੇ ਜਲੰਧਰ ਦੇ ਮੁਸਲਮਾਨ ਤੋਂ ਸੁਣਿਆਂ ਅਤੇ ਫਿਰ ਉਸ ਤੋਂ ਸੁਣ ਕੇ ਲਿਖਿਆ ਹੈ। ਇਹ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਪ੍ਰਕਾਸ਼ਤ ਹੋਇਆ ਹੈ। ਦੋਵੇਂ ਲੇਖਕਾਂ ਦੀ ਖੋਜ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਕਿੱਸਾ ਵੀ ਮੁਕੰਮਲ ਨਹੀਂ ਹੈ। ਮੂਲ ਪਾਠ ਵਾਲੇ ਭਾਗ ਵਿੱਚ ਖੋਜੀ ਵਿਦਿਆਰਥੀਆਂ ਲਈ ਡਾ.ਭਗਵੰਤ ਸਿੰਘ ਅਤੇ ਡਾ.ਰਮਿੰਦਰ ਕੌਰ ਨੇ ਪੀਲੂ ਸ਼ਾਇਰ ਦਾ ਹੀ ਦਿੱਤਾ ਹੈ ਪ੍ਰੰਤੂ ਅੰਤਿਕਾਵਾਂ ਵਾਲੇ ਭਾਗ ਵਿੱਚ ਛੇ ਅੰਤਿਕਾਵਾਂ ਹਨ। ਅੰਤਿਕਾ-1 ਵਿੱਚ ਪੀਲੂ ਦੇ ਕਿੱਸੇ ਵਿਚੋ ਜਿਹੜੇ ਮਿਥਿਹਾਸਕ/ਇਤਿਹਾਸਕ ਹਵਾਲੇ ਮਿਲਦੇ ਹਨ, ਪਾਠਕਾਂ ਦੀ ਸਹੂਲਤ ਲਈ ਉਨ੍ਹਾਂ 18 ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅੰਤਿਕਾ-2 ਵਿੱਚ 'ਲੀਜੈਂਡਜ਼ ਆਫ਼ ਪੰਜਾਬ ਵਿਚਲਾ ਪਾਠ' ਅੰਤਿਕਾ-3 ਵਿੱਚ ਮਿਰਜਾ-ਸਾਹਿਬਾਂ ਕ੍ਰਿਤ ਹਾਫ਼ਿਜ ਬਰਖ਼ੁਰਦਾਰ, ਅੰਤਿਕਾ-4 ਵਿੱਚ 'ਦਸਮ ਗ੍ਰੰਥ' ਵਿਚਲੇ ਮਿਰਜਾ ਸਾਹਿਬਾਂ ਦੇ ਸ਼ਲੋਕ, ਅੰਤਿਕਾ-5 ਵਿੱਚ ਲੋਕ ਗੀਤਾਂ ਵਿੱਚ ਮਿਰਜਾ-ਸਾਹਿਬਾਂ ਦੀ ਗਾਥਾ ਅਤੇ ਅੰਤਿਕਾ-6 ਵਿੱਚ ਮਿਰਜਾ ਰਚਿਤ ਚਤਰ ਸਿੰਘ ਦਿੱਤਾ ਗਿਆ ਹੈ। ਪੁਸਤਕ ਦੇ ਅਖ਼ੀਰ ਵਿੱਚ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਇਨ੍ਹਾਂ ਸਾਰੇ ਤੱਥਾਂ ਕਰਕੇ ਇਹ ਹਵਾਲਾ ਪੁਸਤਕ ਖੋਜ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਵਾਨਾ ਲਈ ਸਾਰਥਿਕ ਸਾਬਤ ਹੋਵੇਗੀ।

ਮਾਲਵਾ ਰਿਸਰਚ ਸੈਂਟਰ ਪਟਿਆਲਾ ਨੇ 120 ਪੰਨਿਆਂ, 250 ਰੁਪਏ ਕੀਮਤ ਵਾਲੀ ਇਹ ਪੁਸਤਕ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਐਸ.ਏ.ਐਸ.ਨਗਰ ਮੋਹਾਲੀ ਤੋਂ ਪ੍ਰਕਾਸ਼ਤ ਕਰਵਾਈ ਹੈ।

# ਸਮਾਰਟ ਫੋਨ ਦੀ ਵਰਤੋਂ ਦਾ ਸਲੀਕਾ ਸਿੱਖਣ ਦੀ ਲੋੜ







ਪ੍ਰੋ ਕੁਲਬੀਰ ਸਿੰਘ

ਸ਼ਹਿਰ ਦੇ ਪ੍ਰਸਿੱਧ ਹਸਪਤਾਲ ਦੇ ਪ੍ਰਸਿੱਧ ਡਾਕਟਰ ਨੂੰ ਮਿਲਣ ਲਈ ਵਾਰੀ ਦੀ ਉਡੀਕ ਕਰ ਰਿਹਾ ਸਾਂ। ਕੁਰਸੀਆਂ ਸਾਰੀਆਂ ਭਰੀਆਂ ਸਨ ਅਤੇ ਬਹੁਤ ਸਾਰੇ ਲੋਕ ਇਧਰ ਉਧਰ ਖੜੇ ਆਪੋ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਖੱਬੇ ਸੱਜੇ, ਅੱਗੇ ਪਿੱਛੇ ਬਹੁਤੇ ਸਮਾਰਟ ਫੋਨ ਤੇ ਰੁੱਝੇ ਹੋਏ ਸਨ। ਗਰਦਨ ਝੁਕਾ ਕੇ ਨਜ਼ਰਾਂ ਸਕਰੀਨ ਓਤੇ ਗੱਡੀਆਂ ਸਨ। ਮੇਰੇ ਐਨ ਸੱਜੇ ਪਾਸੇ ਨਾਲ ਦੀ ਕੁਰਸੀ ਓਤੇ ਖਿੱਲਰ ਕੇ ਵਿੰਗਾ ਟੇਢਾ ਬੈਠਾ ਮੁੰਡਾ ਫੋਨ ਤੇ ਉੱਚੀ ਆਵਾਜ਼ ਵਿੱਚ ਵਾਰ ਵਾਰ ਵੀਡੀ? ਵੇਖ ਰਿਹਾ ਸੀ। ਸਾਡੇ ਐਨ ਸਾਹਮਣੇ ਇੱਕ ਬੋਰਡ ਟੰਗਿਆ ਸੀ ਜਿਸ ਓਤੇ ਹੋਰ ਜਾਣਕਾਰੀ ਦੇ ਨਾਲ ਮੋਟੇ ਅੱਖਰਾਂ ਵਿੱਚ ਲਿਖਿਆ ਸੀ, ਕਿਰਪਾ ਕਰਕੇ ਸ਼ਾਂਤ ਰਹੋ।? ਅਜੇ ਉਸਦੀ ਵੀਡ੍ਰਿਓ ਮੁੱਕੀ ਨਹੀਂ ਸੀ ਕਿ ਮੇਰੇ ਪਿਛਲੇ ਪਾਸੇ ਬੈਠੀ ਔਰਤ ਦੇ ਫੋਨ ਓਤੇ ਗਾਣੇ ਦੀ ਵੀਡੀਓ ਸ਼ੁਰੂ ਹੋ ਗਈ। ਮੈਂ ਥੋੜ੍ਹੀ ਗਰਦਨ ਘੁਮਾ ਕੇ ਉਹਦੇ ਵੱਲ ਵੇਖਿਆ ਪਰ ਉਸਤੇ ਕੋਈ ਅਸਰ ਨਾ ਹੋਇਆ।

ਏਨੇ ਨੂੰ ਇੱਕ ਐਨ ਆਰ ਆਈ ਆਪਣੀ ਵਾਰੀ ਦੀ ਉਡੀਕ ਕਰਦਾ ਆਪਾ ਖੋਹ ਬੈਠਾ ਅਤੇ ਨਰਸ ਨਾਲ ਉੱਚੀ ਆਵਾਜ਼ ਵਿੱਚ ਬੋਲਣ ਲੱਗਾ। ਸਾਰਿਆਂ ਦਾ ਧਿਆਨ ?ਧਰ ਖਿੱਚਿਆ ਗਿਆ ਪਰੰਤੂ ਜਿਹੜੇ ਵੀਡੀਓ ਵੇਖਣ ਵਿੱਚ ਮਸਤ ਸਨ ਉਨ੍ਹਾਂ ਦੀ ਬਿਰਤੀ ਵੀਡੀਓ ਵਿੱਚ ਲੱਗੀ ਰਹੀ।

ਸਿਆਣੇ ਕਹਿੰਦੇ ਹਨ ਤੁਹਾਡੀ ਆਜ਼ਾਦੀ ਉਥੇ ਮੁੱਕ ਜਾਂਦੀ ਹੈ ਜਿੱਥੇ ਤੁਹਾਡੇ ਨੱਕ ਦੀ ਨੋਕ ਮੁੱਕਦੀ ਹੈ। ਲੋਕਾਂ ਨੂੰ ਦੂਸਰਿਆਂ ਦੀ ਨਿੱਜਤਾ, ਪਸੰਦ, ਨਾਪਸੰਦ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

ਜਦ ਮੈਂ ਇਸ ਰੁਝਾਨ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਚੱਲਿਆ ਕਿ ਵਧੇਰੇ ਲੋਕ ਟਾਈਮ ਪਾਸ ਕਰਨ ਲਈ, ਕੁੱਝ ਸਿੱਖਣ ਲਈ, ਮਨੋਰੰਜਨ ਲਈ, ਹੱਸਣ ਲਈ, ਸੰਗੀਤ ਸੁਣਨ ਲਈ, ਕੋਈ ਸ਼ੋਅ, ਕੋਈ ਟੀ ਵੀ ਪ੍ਰੋਗਰਾਮ ਵੇਖਣ ਲਈ ਵੀਡੀਓ ਵੇਖਦੇ ਹਨ। ਉਥੇ ਹਰੇਕ ਦੀ ਪਸੰਦ ਅਨੁਸਾਰ ਵੀਡੀਓ ਉਪਲਬਧ ਹਨ।

2022 ਦੇ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿੱਚ ਯੂ ਟਿਊਬ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 260 ਕਰੋੜ ਸੀ। ਸਾਨੂੰ ਸਮਾਰਟ ਫੋਨ ਵਰਤਣ ਦਾ ਸਲੀਕਾ ਵੀ ਸਿੱਖਣ ਦੀ ਲੋੜ ਹੈ। ਕਿਸੇ ਸਿਆਣੇ ਨੇ ਠੀਕ ਹੀ ਕਿਹਾ ਹੈ ਜਦੋਂ ਇੰਟਰਨੈਟ ਦੀ ਵਰਤੋਂ ਕਰਦੇ ਹੋ ਉਦੋਂ ਦਿਮਾਗ ਦੀ ਵਰਤੋਂ ਵੀ ਕਰੋ।

ਮੈਨੂੰ ਯਾਦ ਹੈ ਆਸਟਰੇਲੀਆ ਵਿੱਚ ਕਿਸੇ ਨੇ ਸ਼ਾਮ ਨੂੰ ਆਪਣੇ ਘਰ ਛੋਟੀ ਜਿਹੀ ਪਾਰਟੀ ਕਰਨੀ ਸੀ। ਜਿਸ ਵਿੱਚ ਸੰਗੀਤ ਚਲਾਇਆ ਜਾਣਾ ਸੀ। ਉਸਨੇ ਦੁਪਿਹਰ ਵੇਲੇ ਗੁਆਂਢੀ ਦੀ ਬੈੱਲ ਮਾਰ ਕੇ ਉਸਤੋਂ ਅਗਾਊਂ ਮੁਆਫ਼ੀ ਮੰਗਦਿਆਂ ਕਿਹਾ ਕਿ ਹੋ ਸਕਦਾ ਤੁਹਾਨੂੰ ਪਾਰਟੀ ਕਾਰਨ ਕੁੱਝ ਸਮੇਂ ਲਈ ਪ੍ਰੇਸ਼ਾਨੀ ਪੇਸ਼ ਆਵੇ।

ਇੱਥੇ ਸਾਡੇ ਇੱਕ ਵਾਰ ਇਕ ਪ੍ਰੋਫੈਸਰ ਨੇ ਆਪਣੇ ਘਰ ਦੇ ਐਨ ਕੋਲ ਪੈਂਦੇ ਧਾਰਮਿਕ ਸਥਾਨ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਸਦੇ ਘਰ ਦੀ ਨੁੱਕਰ ਕੋਲ ਲਗਾਏ ਲਾਊਡ-ਸਪੀਕਰ ਦਾ ਮੂੰਹ ਥੋੜ੍ਹਾ ਦੂਸਰੇ ਪਾਸੇ ਘੁਮਾ ਦਿ? ਕਿਉਂ ਕਿ ਆਵਾਜ਼ ਬਹੁਤ ਉੱਚੀ ਹੋਣ ਕਾਰਨ ਘਰ ਵਿੱਚ ਆਪਸ ਵਿੱਚ ਕੀਤੀ ਗੱਲ ਵੀ ਸੁਣਾਈ ਨਹੀਂ ਦਿੰਦੀ। ਧਾਰਮਿਕ ਸਥਾਨ ਦੇ ਪ੍ਰਬੰਧਕਾਂ ਨੇ ਉਦੋਂ ਤਾਂ ਕੁੱਝ ਨਾ ਕਿਹਾ ਪਰ ਅਗਲੇ ਦਿਨ ਉਥ ਇੱਕ ਹੋਰ ਲਾਊਡ-ਸਪੀਕਰ ਲਿਆ ਕੇ ਬੰਨ੍ਹ ਦਿੱਤਾ। ਹੁਣ ਇੱਕ ਦੀ ਥਾਂ ਦੋ ਉੱਚੀ ਆਵਾਜ਼ ਵਿੱਚ ਚੱਲਣ ਲੱਗੇ।

ਡਿਜ਼ੀਟਲ ਆਨੰਦ ਸਿਰਲੇਖ ਤਹਿਤ ਬੀਤੇ ਦਿਨੀਂ ਇੱਕ ਸੰਪਾਦਕ ਨੇ ਵਿਸਥਾਰ ਵਿੱਚ ਸੰਪਾਦਕੀ ਨੋਟ ਲਿਖਿਆ ਜਿਸ ਵਿੱਚ ਇੰਟਰਨੈਟ ਦੀ ਵੱਧਦੀ ਵਰਤੋਂ ਅਤੇ ਨੌਜਵਾਨ ਵਰਗ ਦੇ ਇਸਦੀ ਲਪੇਟ ਵਿੱਚ ਚਲੇ ਜਾਣ ?ਤੇ ਗਹਿਰੀ ਚਿੰਤਾ ਵਿਅਕਤ ਕੀਤੀ ਗਈ। ਇਸ ਵਰਗ ਦਾ ਵੱਡਾ ਹਿੱਸਾ ਲਗਾਤਾਰ ਡਿਜ਼ੀਟਲ ਮਨੋਰੰਜਨ ਨਾਲ ਜੁੜਿਆ ਰਹਿੰਦਾ ਹੈ। ਸਮਾਂ ਸਥਾਨ ਕੋਈ ਹੋਵੇ ਇਸ ਨਾਲ ਉਸਨੂੰ ਕੋਈ ਫ਼ਰਕ ਨਹੀਂ ਪੈਂਦਾ। ਭਾਵੇਂ ਹਸਪਤਾਲ ਦੀ ਰਿਸੈਪਸ਼ਨ ਜਾਂ ਆਪਣੀ ਵਾਰੀ ਦੀ ਉਡੀਕ ਕਰਨ ਵਾਲਾ ਹਿੱਸਾ ਹੀ ਕਿਉਂ ਨਾ ਹੋਵੇ। ਕੁਰਸੀਆਂ ਨਾਲ ਨਾਲ ਹਨ ਇਸਦੀ ਵੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ। ਉਥੇ 40-50 ਲੋਕ ਬੈਠੇ ਹਨ। ਫੇਰ ਕੀ ਹੋਇਆ। ਉਨ੍ਹਾਂ ਨੇ ਤਾਂ ਯੂ ਟਿਊਬ ਓਤੇ ਆਪਣਾ ਮਨ-ਪਸੰਦ ਗਾਣਾ ਸੁਣਨਾ ਹੈ।

ਪੜ੍ਹਨ, ਸੁਣਨ, ਵੇਖਣ ਵਿੱਚ ਆ ਰਿਹਾ ਹੈ ਕਿ ਪੰਜਾਬ ਵਿੱਚੋਂ ਥੋੜ੍ਹਾ ਬਹੁਤ ਪੜ੍ਹ ਕੇ ਗਏ ਨੌਜਵਾਨਾਂ ਵਿੱਚੋਂ, ਕੁੱਝ ਵਿਦੇਸ਼ਾਂ ਵਿੱਚ ਜਾ ਕੇ ਵੀ ਉਥੋਂ ਦੇ ਨਿਯਮ, ਕਾਨੂੰਨ, ਮਰਯਾਦਾ ਅਤੇ ਸਲੀਕੇ ਨੂੰ ਨਹੀਂ ਮੰਨਦੇ। ਨਤੀਜੇ ਵੱਜੋਂ ਸਥਾਨਕ ਲੋਕਾਂ ਦੀ ਨਜ਼ਰ ਵਿੱਚ ਉਹ ਸਮੁੱਚੇ ਭਾਈਚਾਰੇ, ਸਮੁੱਚੇ ਪੰਜਾਬ ਨੂੰ ਸ਼ਰਮਸਾਰ ਕਰ ਦਿੰਦੇ ਹਨ। ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ, ਜਿੱਥੇ ਪੰਜਾਬੀਆਂ ਦੀ ਵਸੋਂ ਵਧੇਰੇ ਹੈ ਅਜਿਹੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਸਮਾਰਟ ਫੋਨ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ ਪਰੰਤੂ ਇਸਦੀ ਵਰਤੋਂ ਦਾ ਸਲੀਕਾ ਸਿੱਖਣ, ਅਪਨਾਉਣ ਵਿੱਚ ਅਸੀਂ ਫਾਡੀ ਰਹਿ ਗਏ ਹਾਂ। ਇਸਦੀ ਵਰਤੋਂ ਕਾਹਦੇ ਲਈ ਕਰਨੀ ਹੈ, ਕਿੰਨਾ ਸਮਾਂ ਕਰਨੀ ਹੈ, ਕੀ ਵੇਖਣਾ ਹੈ, ਕੀ ਨਹੀਂ ਵੇਖਣਾ ਹੈ। ਇਸਦੀ ਮੋਟੀ ਜਿਹੀ ਸਮਝ ਅਪਣਾ ਕੇ ਚੱਲਣਾ ਪਵੇਗਾ। ਜਨਤਕ ਥਾਵਾਂ ਤੇ ਆਵਾਜ਼ ਮੱਧਮ ਰੱਖਣੀ ਪਵੇਗੀ। ਧੀਮੀ ਆਵਾਜ਼ ਵਿੱਚ ਗੱਲ ਕਰਨੀ ਹੋਵੇਗੀ। ਸਮਾਰਟ ਫੋਨ ਨਾਲ ਫੋਟੋ ਖਿੱਚਦੇ ਸਮੇਂ ਇਰਦ ਗਿਰਦ ਖੜ੍ਹੇ, ਬੈਠੇ ਲੋਕਾਂ ਦੀ ਨਿੱਜਤਾ ਦਾ ਸਤਿਕਾਰ ਕਰਨਾ ਹੋਵੇਗਾ, ਖਿਆਲ ਰੱਖਣਾ ਹੋਵੇਗਾ। ਅਜਿਹੀ ਮੁਢਲੀ ਤੇ ਬੁਨਿਆਦੀ ਮਰਯਾਦਾ ਦੇ ਅੰਗ ਸੰਗ ਤਾਂ ਵਿਚਰ ਹੀ ਸਕਦੇ ਹਾਂ। ਫੇਰ ਸਮਾਰਟ ਫੋਨ ਬੋਝ ਨਹੀਂ ਬਣੇਗਾ।




# ਪੁਰਾਣੇ ਤੇ ਕੁਛ ਭੁਰ ਗਏ ਗਾਇਕਾਂ ਦੇ ਨਾਂ






ਥੋੜੇ ਜਿਹੇ ਸਾਜ਼ਾਂ ਨਾਲ, ਗਾਈ ਜਾਂਦਾ ਧੂਰੀ ਐ।
ਹਿੱਟ ਰਹੀ ਬੜੀ ਜਿੰਨ੍ਹਾਂ, ਟਾਇਮਾ ਵਿੱਚ ਨੂਰੀ ਐ।
ਬੋਹੜਾਂ ਥੱਲੇ ਖਾੜਾ, ਲੱਗਣਾ ਦੀਦਾਰ ਦਾ।
ਸਦੀਕ ਰੀਝ ਨਾਲ ਗਾਉਂਦਾ, ਨਗਮਾ ਪਿਆਰ ਦਾ।
ਰੰਗ ਭਾਵੇਂ ਕਾਲਾ ਸੱਚੀਂ, ਕੋਇਲ ਸੀ ਪੰਜਾਬ ਦੀ।
ਮਹਿਕ ਬੀਬਾ ਦਿਆਂ ਗੀਤਾਂ ਵਿੱਚ, ਸੱਜਰੇ ਗ਼ੁਲਾਬ ਦੀ।
ਉੱਚੀ ਲੰਮੀ ਹੇਕ ਬੜੀ, ਬਾਵਾ ਗੁਰਮੀਤ ਦੀ।
ਟੱਲੀ ਵਾਂਗੂੰ ਟਣਕੇ, ਆਵਾਜ਼ ਰਣਜੀਤ ਦੀ।
ਭਰਦੀ ਐ ਪਾਣੀ ਪਾਲੀ, ਜਦੋਂ ਕਦੇ ਪਾਲ ਦੀ।
ਉੱਚੀ ਨਹੀ?ਂ ਸੁਰ, ਬਿੰਦਰਖੀਏ ਦੇ ਨਾਲ ਦੀ।
ਸ਼ਹਿਰੋ ਸ਼ਹਿਰੀ ਹੋ ਕੇ ਯਾਰੋ, ਮੁੜੇ ਜਦੋਂ ਰਮਤਾ।
ਆਲਮ ਦਾ ਸੁਣੀ ਕਦੇ, ਵਜਦਾ ?ਏ ਚਮਟਾ।
ਛਿੰਦੇ ਦਾ ਮਸ਼ਹੂਰ ਗਾਇਆ, ਜੱਟ ਜੋ ਜਿਉਣਾ ਬਈ।
ਮਾਣਕ ਜਾ ਮਿਰਜ਼ਾ ਨਾ, ਹੁਣ ਕਿਸੇ ਗਾਉਣਾ ਬਈ।
ਧਨੀ ਸਰਦੂਲ ਯਾਰੋ, ਬੜਾ ਸੀ ? ਸੁਰਾਂ ਦਾ।
ਯਮਲੇ ਨੇ ਜਸ, ਗਾਇਆ ਜ਼ਿਆਦੇ ਗੁਰਾਂ ਦਾ।
ਗਿੱਧਿਆਂ ਦੀ ਰਾਣੀ ਆਲਾ, ਗਿਆ ਕਿੱਥੇ ਕੰਗ ਬਈ।
ਛੱਤੇ ਦਿਆਂ ਗੀਤਾਂ ਦੀ ਤਾਂ, ਹੁਣ ਵੀ ਐ ਮੰਗ ਬਈ।
ਭਾਣੇ ਭੰਗ ਦੇ ਹੀ ਗਿਆ, ਲੋਕੋ ਦਿਲਸ਼ਾਦ ਵੀ।
ਰਸ ਕੰਨਾਂ ਵਿੱਚ ਘੋਲੇ ਗਾਇਕੀ, ਵਰ੍ਹਿਆਂ ਦੇ ਬਾਅਦ ਵੀ।
ਮਧਰਾ ਜਾ ਕੱਦ ਮੱਠਾ ਮੱਠਾ, ਗਾਵੇ ਮਸਤਾਨਾ ਜੀ।
ਉਹ ਨਾ ਗੁੱਡੀਆਂ ਪਟੋਲੇ, ਹੋਰ ਹੀ ਜ਼ਮਾਨਾ ਜੀ।
ਜਿੰਨੀ ਕੁ ਹੈ ਔੜੀ ਮੈਂ, ਸੁਣਾਤੀ ਯਾਰੋ ਵਿਥਿਆ।
ਭੈਣੀ ਬਾਘੇ ਆਲ਼ੇ ਕੋਲੋਂ, ਜਿੰਨਾ ਗਿਆ ਲਿਖਿਆ।
ਐਨਾ ਕੁੱਝ ਲੱਭਣਾ ਨੀ, ਥੋਨੂੰ ਕਿਸੇ ਥੋਕ ਤੋਂ।
ਮਾਨਾਂ ਮਿਲੂਗਾ ਖਜ਼ਾਨਾ ਸਾਡੇ, ਮਾਨਸਾ ਅਸ਼ੋਕ ਤੋਂ।

ਅਵਤਾਰ ਸਿੰਘ ਮਾਨ ਭੈਣੀ ਬਾਘੇ ਆਲ਼ਾ
9915545950




## ਮੇਰੇ ਅੰਗਨੇ ਮੈਂ ਤੁਮਹਾਰਾ ਕਿਆ ਕਾਮ ਹੈ''

1981 ਵਿੱਚ ਇੱਕ ਫਿਲਮ ਆਈ ਸੀ ਲਾਵਾਰਿਸ ,,,ਇਹ ਫਿਲਮ ਬਾਕਸ ਆਫਿਸ ਤੇ ਸੁਪਰ ਡੁੱਪਰ ਹਿੱਟ ਹੋਈ ਸੀ। ਇਸ ਫਿਲਮ ਵਿੱਚ ਫ਼ਿਲਮ ਦੇ ਮੁੱਖ ਨਾਇਕ ਅਮਿਤਾਭ ਬੱਚਨ ਸਾਹਿਬ ਅਤੇ ਪਿੱਠਵਰਤੀ ਗਾਇਕਾ ਅਲਕਾ ਯਾਗਨਿਕ ਜੀ ਨੇ,,, ਇੱਕ ਗੀਤ ਗਾਇਆ ਸੀ "ਮੇਰੇ ਅੰਗਨੇ ਮੈਂ ਤੁਮਹਾਰਾ ਕਿਆ ਕਾਮ ਹੈ" ਜਿਸਤੇ ਗੀਤਕਾਰ ਵੱਜੋਂ ਅਣਜਾਣ ਜੀ ਦਾ ਨਾਮ ਦਰਜ ਸੀ,,, ਸੰਗੀਤਕਾਰ ਵੱਜੋਂ ਕਲਿਆਣਜੀ ਆਨੰਦਜੀ ਦਾ,,,ਮੈਨੂੰ ਇੱਕ ਆਹ ਪੁਰਾਣਾ ਪੱਥਰ ਦਾ ਤਵਾ ਲੱਭ ਗਿਆ,, ਹੁਣ ਮੈਨੂੰ ਸਮਝ ਨਹੀਂ ਆਈ ਕਿ ਇਹ ਗੀਤ ਪਹਿਲਾਂ ਰਿਕਾਰਡ ਹੋਇਆ ਐ ਕਿ ਬੱਚਨ ਸਾਹਿਬ ਵਾਲਾ,,, ਊਂ ਇੱਕ ਗੱਲ ਪੱਕੀ ਐ ਕਿ ਇਹ 78 ਦੀ ਸਪੀਡ ਵਾਲਾ ਪੱਥਰ ਦਾ ਰਿਕਾਰਡ ਐ,,, ਜੋ 1969 ਵਿੱਚ ਬਣਨੇ ਬੰਦ ਹੋ ਗਏ ਸਨ । ਤਵੇ ਵੱਲ ਦੇਖਕੇ ਹੈਰਾਨ ਨਾ ਹੋ ਜਾਣਾ ਕਿ ਇਸ ਉੱਪਰ ਤਾਂ 1883 ਸਾਲ ਲਿਖਿਆ ਹੋਇਆ ਹੈ । 1883 ਦਾ ਕੀ ਮਤਲਬ ਜਦੋਂ ਕਿ ਲਾਖ ਵਾਲੇ ਤਵੇ ਦੀ ਕਾਢ ਤਾਂ 1888 ਵਿੱਚ ਜਰਮਨੀ ਵਾਸੀ ਨੇ ਕੱਢੀ ਸੀ। ਇਹ 1883 ਸ਼ੈਲ ਨੰਬਰ ਹੈ ਇਸਦੇ ਦੂਜੇ ਪਾਸੇ ਦਾ 1884 ਹੈ,ਇਹ ਸਾਲ ਨਹੀਂ ਸ਼ੈਲ ਦਾ ਸੀਰੀਅਲ ਨੰਬਰ ਐ। ਉਸ ਨੈਗੇਟਿਵ ਦਾ ਨੰਬਰ ਐ ਜਿਸਤੋਂ ਇਹ ਪੌਜ਼ੀਟਿਵ (ਤਵਾ)ਬਣਿਆ ਐ । ਸੱਚ ਪੁੱਛੋ ਤਾਂ ਮੈਂ ਵੀ ਇਸ ਮਾਮਲੇ ਵਿੱਚ ਬਿਲਕੁਲ ਅਣਜਾਣ ਹੀ ਹਾਂ ਤੁਹਾਡੇ ਪ੍ਰਤੀਕਰਮਾਂ ਤੋਂ ਬਾਅਦ ਹੀ ਮੈ ਕਹਿ ਸਕਾਂਗਾ ਕਿ ਭਾਰਤੀ ਫ਼ਿਲਮਾਂ ਦੇ ਸੁਪਰ ਸਟਾਰ ਦਾ ਗਾਇਆ ਗੀਤ ਮਿਸ ਸ਼ੀਲਾ ਨਾਮ ਦੀ ਕਲਾਕਾਰਾ ਨੇ ਵੀ ਗਾ ਦਿੱਤਾ ???

# ਡੀਜ਼ਲ ਸੜ੍ਹਾਕ ਕੇ ਟਰੈਗਟ ਕਿਸੇ ਮਸਤੀ ਬੋਤੇ ਆਂਗੂੰ ਬੁਕਦੇ ਐ।



ਪੁਰਾਣੇ ਸਮਿਆਂ ਚ,ਵਿਆਹ ਦੀ ਤਰੀਕ ਪੱਕੀ ਕਰਨ ਦੇ ਨਾਲ ਹੀ ਪਰਿਵਾਰ ਲਈ ਕੰਮਾਂ ਦੀ ਨ੍ਹੇਰੀ ਚੜ੍ਹ ਕੇ ਆ ਜਾਂਦੀ ਸੀ। ਲੀੜੇ ਕੱਪੜੇ ਦੀ ਖਰੀਦਦਾਰੀ, ਹੋਰ ਦੇਣ ਲੈਣ ਆਲੇ ਸਮਾਨ ਦੀ ਖਰੀਦਦਾਰੀ,ਕੜਾਹੀ ਦੇ ਸਮਾਨ ਦੀ ਖਰੀਦਦਾਰੀ। ਫੇਰ ਸ਼ੁਰੂਆਤ ਘਰ ਦੀ ਲਿੱਪਾ ਪੋਚੀ ਤੋਂ ਹੁੰਦੀ ਸੀ,ਘਰ ਬੇਸ਼ੱਕ ਪੱਕੇ ਹੁੰਦੇ ਸੀ। ਪਰ ਆਮ ਕਰਕੇ ਛੱਤਾਂ ਅਤੇ ਫਰਸ਼ ਕੱਚੇ ਹੀ ਹੁੰਦੇ ਸੀ। ਛੱਤਾਂ ਅਤੇ ਕੰਧਾਂ ਤੇ ਚੀਕਣੀ ਕਾਲੀ ਮਿੱਟੀ ਫੇਰੀ ਜਾਂਦੀ ਸੀ। ਫ਼ਰਸ਼ ਤੇ ਮਿੱਟੀ ਚ ਗੋਹਾ ਮਿਲਾ ਕੇ ਤਲੀ ਫੇਰੀ ਜਾਂਦੀ ਸੀ। ਚੁੱਲ੍ਹੇ ਹਾਰਿਆਂ ਅਤੇ ਕੰਧੋਲੀ ਤੇ ਪਾਂਡੋ ਦਾ ਪੋਚਾ ਫੇਰਿਆ ਜਾਂਦਾ ਸੀ। ਪੱਕੀਆਂ ਕੰਧਾਂ ਤੇ ਕਲੀ ਕੂਚੀ ਫੇਰੀ ਜਾਂਦੀ ਸੀ ਮਤਲਬ ਕਿ ਵਿਆਹ ਦੇ ਮੌਕੇ ਹਰ ਪੱਖੋਂ ਸਾਫ ਸੁਥਰਾ ਲਿੱਪਿਆ ਪੋਚਿਆ ਘਰ ਸਭ ਆਏ ਗਿਆਂ ਤੇ ਸ਼ਰੀਕੇ ਕਬੀਲੇ ਨੂੰ ਸੋਹਣਾ ਲੱਗੇ। ਇਸ ਲਈ ਸਾਰੇ ਪਰਿਵਾਰ ਦਾ ਪੂਰਾ ਤਾਣ ਲੱਗਿਆ ਹੁੰਦਾ ਸੀ। ਹੁਣ ਤੁਸੀਂ ਆਖੋਗੇ ਇਹ ਸਭ ਤਾਂ ਠੀਕ ਐ ਪਰ ਤੂੰ ਵਿਆਹ ਚ ਬੀ ਦਾ ਲੇਖਾ ਕਿਉਂ ਲੈਕੇ ਬਹਿ ਗਿਆ। ਤੁਹਾਡੀ ਸੋਚਣੀ ਵੀ ਸਹੀ ਐ । ਆਪਣੀ ਥਾਂ ਤੇ, ਪਰ ਕਿਸਾਨ ਲਈ ਫ਼ਸਲ ਦੀ ਬਿਜਾਈ ਦਾ ਕਾਰਜ ਵੀ ਕਿਸੇ ਵਿਆਹ ਤੋਂ ਘੱਟ ਨਹੀਂ ਹੁੰਦਾ ਜਿਵੇਂ ਵਿਆਹ ਮੌਕੇ ਘਰ ਸੰਵਾਰਨ ਤੇ ਜ਼ੋਰ ਲੱਗਿਆ ਹੁੰਦੈ ਉਵੇਂ ਹੀ ਫਸਲ ਦੀ ਬਿਜਾਈ ਕਰਨ ਤੋਂ ਪਹਿਲਾਂ ਖੇਤ ਸੰਵਾਰਨ ਤੇ ਕਿਸਾਨ ਦਾ ਜ਼ੋਰ ਲੱਗਿਆ ਹੁੰਦੈ। ਅੱਜ ਸਵੇਰੇ ਖੇਤ ਫਿਰਦੇ ਨੇ ਚੁਫੇਰੇ ਨਿਗਾਹ ਮਾਰੀ ਤਾਂ ਦੇਖਿਆ ਗੁਆਂਢੀ ਲਛਮਣ ਕੇ ਗੁਰਪ੍ਰੀਤ ਨੇ ਟਰੈਗਟ ਜੋੜ ਰੱਖੇ ਐ। ਇੱਕ ਮਗਰ ਕੰਪਿਊਟਰ ਕਰਾਹਾ ਤੇ ਦੋ ਮਗਰ ਧੂੰਵੇਂ ਕਰਾਹ ਗਰਦਾਗੋਰ ਠਾਅ ਰੱਖੀ ਐ । ਠਾਸੀ ਰੁਪਈਏ ਲੀਟਰ ਆਲਾ ਡੀਜ਼ਲ ਸੜ੍ਹਾਕ ਕੇ ਟਰੈਗਟ ਕਿਸੇ ਮਸਤੀ ਬੋਤੇ ਆਂਗੂੰ ਬੁਕਦੇ ਐ। ਦੂਜੇ ਪਾਸੇ ਭਾਈਆਂ ਦੇ ਇਸ ਘਰ ਦੇ ਬਜ਼ੁਰਗਾਂ ਦੀ ਆਦਤ ਸੀ, ਉਹ ਹਰ ਗੱਲ ਤੇ ਭਾਈ ਕਿਹਾ ਕਰਦੇ ਸੀ ਇਉਂ ਉਨ੍ਹਾਂ ਦੇ ਘਰ ਦਾ ਨਾਂ ਹੀ ਭਾਈਆਂ ਦਾ ਘਰ ਪੱਕ ਗਿਆ। ਹਾਂ ਭਾਈਆਂ ਦੇ ਬੰਦੇ ਖੇਤ ਖਾਲ ਘੜਨ ਲੱਗੇ ਹੋਏ ਐ । ਕੱਲ੍ਹ ਕੰਪਿਊਟਰ ਕਰਾਹ ਲਵਾਇਐ ਉਹਨਾਂ ਨੇ ਐਧਰਲੇ ਪਾਸੇ ਜੀਤੇ ਹੋਰਾਂ ਦਾ ਕਾਮਾ ਕਾਲਾ ਵੱਟਾਂ ਘੜਨ ਲੱਗਿਆ ਹੋਇਆ ਕੌਡੀ ਖੇਡਣ ਆਲਿਆਂ ਆਂਗੂੰ ਉਤਲੇ ਗੇੜੇ ਤੇ ਹੋਇਆ ਫਿਰਦੈ । ਗੁਰਮੀਤ ਨੇ ਨੌ ਸੌ ਤਰੇਹਟ ਸਵਰਾਜ ਮਗਰ ਪੰਦਰਾਂ ਹਲ ਪਾ ਕੇ ਵਾਹਣ ਦੀਆਂ ਚਿਰੜ ਭੂੰਡੀਆਂ ਕੱਢ ਤੀਆਂ । ਪੰਦਰਾਂ ਹਲ ਲੈਕੇ ਵੀ ਨਵਾਂ ਟਰੈਗਟ ਵਾਹਣ ਚ ਕਮਲਿਆਂ ਆਂਗੂੰ ਭੱਜਿਆ ਫਿਰਦੈ। ਗੱਗੀ ਨੇ ਖਾਲ ਘੜ ਸੰਵਾਰ ਕੇ ਕੌਲ ਆਂਗੂੰ ਚਮਕਾਤੇ ਤੇ ਪਨੀਰੀ ਬੀਜਣ ਲਈ ਦੋ ਬੰਦੇ ਹੋਰ ਨਾਲ ਲਾ ਕੇ ਰੀਝ ਨਾਲ ਕਿਆਰੀਆਂ ਦੀ ਤਿਆਰੀ ਕਰ ਰਿਹੈ । ਉੱਧਰ ਗਿੰਦੂ ਹੋਰੀਂ ਕਹਿੰਦੇ ਰੂੜੀ ਨਾਲ ਦੋ ਹੱਥ ਕਰਨੇ ਐ । ਅੱਜ ਟਰੈਗਟ ਆਲੇ ਲੋਡ੍ਹਰ ਨਾਲ ਭਰੀ ਟਰਾਲੀ ਖੇਤ ਪਹੁੰਚ ਕੇ ਢੇਰੀਆਂ ਲਾ ਕੇ ਮੁੜ ਜਾਂਦੀ ਐ ਟਰਾਲੀ ਮੁੜਦੀ ਨੂੰ ਢੇਰੀਆਂ ਖਿੰਡਾ ਦਿੰਦੇ ਐ ਪਹਿਲਾਂ ਟੋਕਰਿਆਂ ਨਾਲ ਰੂੜੀ ਦੀ ਟਰਾਲੀ ਭਰਦੇ ਬੰਦੇ ਤਾਂ ਖਪਾਖੂਨ ਹੋ ਜਾਂਦੇ ਸੀ। ਆਹ ਲੋਡ੍ਹਰ ਨੇ ਜਾਨ ਸੌਖੀ ਕਰਤੀ ਲਾਹੁਣ ਆਲਾ ਕੰਮ ਲਿਫਟ ਆਲੀਆਂ ਟਰਾਲੀਆਂ ਨੇ । ਜਵਾਂ ਈ ਮੌਜ ਬਣਾਤੀ । ਅਸੀਂ ਸਿੱਧੀ ਬਿਜਾਈ ਕਰਨੀ ਐਂ ਆਪਣਾ ਕਾਮਾਂ ਸੁੱਖੂ ਰੌਣੀ ਕਰਦਾ ਕਦੇ ਵੱਟਾਂ ਕੰਨੀ ਕਦੇ ਖਾਲ ਕੰਨੀਂ ਇਉਂ ਭੱਜਿਆ ਫਿਰਦੈ ਜਿਵੇਂ ਵਿਆਹ ਚ ਨੈਣ ਭੱਜੀ ਫਿਰਦੀ ਹੁੰਦੀ ਐ । ਕਿਧਰੇ ਮੋਟਰਾਂ ਦੀ ਹੱਥਫੇਰੀ ਚੱਲ ਰਹੀ ਐ ਸਟਾਟਰਾਂ ਦਾ ਤੇਲ ਪਾਣੀ ਚੈੱਕ ਕੀਤਾ ਜਾ ਰਿਹੈ। ਤਾਰਾਂ ਦੇ ਜੋੜਾਂ ਤੇ ਨਿਗਾਹ ਮਾਰੀ ਜਾ ਰਹੀ ਐ। ਜਿੰਨ੍ਹਾਂ ਨੇ ਕੱਦੂ ਕਰਕੇ ਜੀਰੀ ਲਾਉਣੀ ਐਂ ਉਹ ਟਰੈਗਟਾਂ ਦੀ ਸਰਵਿਸ ਕਰਵਾ ਰਹੇ ਐ । ਸਪੈਂਡਲਾਂ ਐਂਡਾਂ ਤੇ ਪਹੀਆਂ ਨੂੰ ਗਰੀਸ ਦਿੱਤਾ ਜਾ ਰਿਹੈ। ਗੱਲ ਕੀ ਪੂਰੀ ਖਿੱਚ ਐ ਕੰਮ ਦੀ ਹਰ ਪਾਸੇ, ਹੁਣ ਆਪ ਈ ਦੱਸੋ ਸਾਉਣੀ ਦੀ ਫਸਲ ਬੀਜਣ ਦੀ ਤਿਆਰੀ ਕਿਸੇ ਵਿਆਹ ਦੀ ਤਿਆਰੀ ਨਾਲੋਂ ਘੱਟ ਐ ਭਲਾਂ ???






(ਪਾਲੀ ਚਹਿਲ ਦੀ ਫੇਸਬੁੱਕ ਉਪਰੋਂ ਧੰਨਵਾਦ ਸਹਿਤ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )

ਓਹ ਵੇਲਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ
403-590-9629



# ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ

ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ।

ਜਿੰਨ੍ਹਾਂ ਨੂੰ ਜਾਣਿਆਂ ਸੀ ਜਾਨ ਤੋਂ ਪਿਆਰਿਆਂ ਦੇ ਵਾਂਗ,
-ਹੀ- ਹੱਥਾਂ ਵਿੱਚੋਂ ਉੱਡ ਗਏ ਗੁਬਾਰਿਆਂ ਦੇ ਵਾਂਗ।
ਜਦੋਂ ਤਾਹਨਿਆਂ ਉਲਾਹਮਿਆਂ ਦੇ ਵਹਿਣ ਤੇਜ਼ ਹੋਏ,
ਅਸੀਂ ਦੂਰ ਦੂਰ ਹੋ ਗਏ ਕਿਨਾਰਿਆਂ ਦੇ ਵਾਂਗ।

(ਜ ਸਿੰਘ ਸ਼ਾਦ)

ਸਾਡੇ ਮੁੱਠੀ-ਬੰਦ ਪਰਿਵਾਰਾਂ ਵਿੱਚ ਮਾਪੇ ਅਤੇ ਉਲਾਦ ਦੀ ਆਪਸੀ ਸਾਂਝ ਹੁਣ ਤੱਕ ਦੁਵੱਲੀ ਹੀ ਨਿਭਦੀ ਰਹੀ ਹੈ। ਬੱਚੇ, ਜਿਸ ਨੂੰ ਅਸੀਂ ਜੱਗ ਵਿੱਚ ਸੀਰ ਆਖਦੇ ਹਾਂ, ਸਾਡੇ ਜਹਾਨੋਂ ਤੁਰ ਜਾਣ ਪਿੱਛੋਂ ਸਾਡਾ ਬਚਦਾ ਨਿਸ਼ਾਨ, ਸਾਡਾ ਨਾਮ ਜਾਂ ਬਚਦਾ ਹਿੱਸਾ ਕਹੇ ਜਾ ਸਕਦੇ ਹਨ। ਜਿਵੇਂ ਇੱਕ ਬੀਜ ਨੂੰ ਧਰਤੀ ਹੇਠਲਾ ਹਨੇਰਾ, ਤਪਸ਼, ਗਰਮੀ, ਅਤੇ ਸਲਾਭਾ ਜਰਨਾ ਹੁੰਦਾ ਹੈ, ਫੇਰ ਦੋ ਕੋਮਲ ਪੱਤੀਆਂ ਨਿਕਲ ਕੇ ਪੂਰਾ ਬੂਟਾ ਜਾਂ ਰੁੱਖ ਬਣਦਾ ਹੈ, ਉਵੇਂ ਹੀ ਮਨੁੱਖਾ ਨਸਲ ਦੇ ਮਾਪੇ ਇਹ ਸਭ ਕੁੱਝ ਜਰ ਕੇ ਕੁੱਝ ਰਾਤਾਂ ਝਾਗ ਕੇ ਦੁੱਖ ਦਰਦ ਸਹਿ ਕੇ ਇੱਕ ਆਲ਼ੇ ਭੋਲ਼ੇ ਬੱਚੇ ਨੂੰ ਸਿਲ਼ਤ ਤੋਂ ਸ਼ਤੀਰ ਤੱਕ ਅਪੜਾ ਦੇਣ ਦੀ ਪੂਰੀ ਵਾਹ ਲਾ ਦਿੰਦੇ ਹਨ। ਇਸ ਸਭ ਕੁਰਬਾਨੀ ਦਾ ਕੋਈ ਅਹਿਸਾਨ ਨਹੀਂ ਹੁੰਦਾ, ਕੋਈ ਕਰਜ਼ ਨਹੀਂ ਹੁੰਦਾ। ਸੁਖਵਿੰਦਰ ਅੰਮ੍ਰਿਤ ਲਿਖਦੀ ਹੈ –'ਨਾ ਲੋਰੀ ਮੁੱਲ ਵਿਕਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ'। ਬੱਚੇ ਦੇ ਪਲ਼ਦੇ ਮੂੰਹ ਨਾਲ ਹੀ ਮਾਪਿਆਂ ਦੀ ਕਲਪਨਾ ਭਵਿੱਖ ਸਿਉਂ ਲੈਣ ਦੇ ਸੁਪਨੇ ਸਿਰਜਦੀ ਹੈ। ਪਰ ਸਾਡੇ ਦੇਖਦੇ ਹੀ ਇਸ ਦਾ ਸੰਘਣਾਪਣ ਲੰਘਦੇ ਪਲਾਂ ਨਾਲ ਹੀ ਪੇਤਲਾ ਹੁੰਦਾ ਵੇਖਦੇ ਹਾਂ। ਕਿਹਾ ਜਾਂਦਾ ਹੈ ਮਾਪੇ ਕੁਮਾਪੇ ਨਹੀਂ ਹੁੰਦੇ ਪੁੱਤਰ ਕਪੁੱਤਰ ਹੋ ਜਾਂਦੇ ਹਨ। ਅਸੀਂ ਆਪਣੇ ਮਾਪਿਆਂ ਦਾ ਹੁਕਮ ਸਿਰ ਨਿਵਾ ਕੇ ਮੰਨਦੇ ਰਹੇ, ਹੁਣ ਸਾਡੇ ਬੱਚੇ ਅੱਖਾਂ ਵਿਖਾ ਕੇ ਹੁਕਮ ਮਨਾ ਰਹੇ ਹਨ। ਰਿਸ਼ਤਿਆਂ ਵਿਚਲਾ ਇਹ ਅਸਾਵਾਂਪਣ ਸਾਡੀ ਪੀੜ੍ਹੀ ਨੂੰ ਹਜ਼ਮ ਨਹੀਂ ਹੋ ਰਿਹਾ। ਸਾਡੀ ਭਾਵੁਕ ਪਹੁੰਚ ਹੁਣ ਦੀ ਗਰਜ਼ਾਂ ਦੀ ਮੇਚ ਪਲਦੀ ਸਾਂਝ ਵਿਚਲੀ ਖਾਈ ਦਿਨੋ-ਦਿਨ ਵਧ ਰਹੀ ਹੈ। ਉਮਰ, ਸਮਾਜ ਜਾਂ ਮਾਪਿਆ ਦਾ ਡਰ ਮਨਫ਼ੀ ਹੋ ਗਿਆ ਹੈ। ਇਨ੍ਹਾਂ ਨੇ ਹੱਕ ਹੀ ਜਾਣੇ ਹਨ, ਫ਼ਰਜ਼ਾਂ ਦਾ ਪੰਨਾ ਮੇਟ ਧਰਿਆ ਹੈ। ਮਿਲੀ ਆਜ਼ਾਦੀ ਦੀ ਦੁਰਵਰਤੋਂ, ਨਿੱਜਮੁਖੀ ਅਤੇ ਕਾਨੂੰਨੀ ਦਖਲ ਨੇ ਸਾਂਝਾਂ ਦਾ ਰੁਖ ਹੀ ਬਦਲ ਦਿੱਤਾ ਹੈ। ਸਮਝ ਬੜੀ ਦੇਰ ਪਿੱਛੋਂ ਆਉਂਦੀ ਹੈ ਜਦ ਪਤਾ ਲੱਗਦਾ ਹੈ ਕਿ ਪੈਸੇ ਕਮਾਏ ਤੋਂ ਪਤਾ ਲੱਗਿਆ ਕਿ ਸ਼ੌਕ ਤਾਂ ਮਾਪਿਆਂ ਦੇ ਪੈਸੇ ਨਾਲ ਹੀ ਪੂਰੇ ਹੋ ਰਹੇ ਸਨ, ਆਪਣੀ ਕਮਾਈ ਨਾਲ ਤਾਂ ਬੱਸ ਜ਼ਰੂਰਤਾਂ ਹੀ ਪੂਰੀਆਂ ਕਰਦੇ ਹਾਂ। ਵਸਤਾਂ ਦੀ ਤਰਜੀਹ ਨੇ ਰਿਸ਼ਤੇ ਮਧੋਲ ਧਰੇ ਹਨ। ਵਰਤਮਾਨ ਹੀ ਜਿਉਣ ਦੀ ਲਾਲਸਾ ਨੇ ਬਜ਼ੁਰਗਾਂ ਦੀ ਨਕਦਰੀ ਪਾ਼ਲੀ ਹੈ।' ਵਰਤੋ ਤੇ ਸਿੱਟੋ'ਦੀ ਨੀਤੀ ਨੇ ਕਾਹਲ ਵਸ ਕਈ ਕੁੱਝ ਮੇਟ ਲਿਆ ਹੈ। ਠੀਕ ਹੀ ਸੁਣਿਆ ਹੈ 'ਦੁੱਧ ਨਾਲ ਪੁੱਤ ਪਾਲ ਕੇ ਪਾਣੀ ਨੂੰ ਤਰਸਦੀਆਂ ਮਾਵਾਂ' ਦੀ ਗਿਣਤੀ ਵਧ ਰਹੀ ਹੈ। ਮਾਪਿਆਂ ਨੇ ਮੋਹ ਵਸ ਆਪਣਾ ਸਭ ਕੁਛ ਢੇਰੀ ਕਰ ਦਿੱਤਾ ਹੈ। ਇਸੇ ਨਾਲ ਇਸ ਪੀੜ੍ਹੀ ਦੀ ਨੀਅਤ ਵਿੱਚ ਖੋਟ ਆ ਰਲੀ ਹੈ। ਨਰਿੰਦਰ ਸਿੰਘ ਕਪੂਰ ਨੇ ਲਿਖਿਆ ਹੈ,'ਇਨ੍ਹਾਂ ਨੂੰ ਏਨਾ ਘੱਟ ਨਾ ਦੇ ਕੇ ਜਾ- ਕਿ ਕੁੱਝ ਕਰ ਹੀ ਨਾ ਸਕਣ ਅਤੇ ਏਨਾ ਜ਼ਿਆਦਾ ਵੀ ਨਾ ਦਿ- ਕਿ ਕਰਨ ਹੀ ਕੁੱਝ ਨਾ'। ਪੰਛੀ ਆਲ੍ਹਣਾ ਪਾ ਕੇ ਢਾਹ ਦਿੰਦੇ ਹਨ ਪਰ ਮਨੁੱਖ ਸਾਰੀ ਉਮਰ ਇੱਟ ਤੇ ਇੱਟ ਧਰਦਾ ਅਗਲੀ ਪੀੜ੍ਹੀ ਦੀ ਚਿੰਤਾ ਵਿਚ ਹੀ ਜੂਨ ਕਢਦਾ ਹੈ।

ਪ੍ਰਸਿੱਧ ਰਾਜਨੀਤੀਵੇਤਾ ਚਾਣੱਕਯਾ ਨੇ 2,300 ਸਾਲ ਪਹਿਲਾਂ ਇੱਕ ਸਬਕ ਦਿੱਤਾ ਸੀ ਕਿ ਬੱਚੇ ਨੂੰ ਦੋ ਤੋਂ ਪੰਜ ਸਾਲ ਤੱਕ ਪੂਰਾ ਲਾਡ ਦਿ-, 5 ਤੋਂ 11 ਸਾਲ ਤੱਕ ਪੂਰੀ ਘੂਰ ਹੇਠ ਰੱਖੋ, ਫਿਰ ਦੋਸਤੀ ਨਾਲ ਨਿਭੋ। ਹੁਣ ਇਹ ਰਿਸ਼ਤਾ ਕੁੱਝ ਸਾਲਾਂ ਦਾ ਹੀ ਰਹਿ ਗਿਆ ਹੈ। ਬੱਚੇ ਵੀ ਪਰਿੰਦਿਆਂ ਵਰਗੇ ਹੋ ਗਏ, ਨਾਲ ਰਹਿ ਕੇ ਵੱਡੇ ਹੁੰਦੇ ਹਨ ਵੱਡੇ ਹੋ ਕੇ ਉੱਡ ਜਾਂਦੇ ਹਨ। ਜੇ ਕਿਤੇ ਬੱਚਾ ਬੀਮਾਰ ਹੋ ਕੇ ਵਿਲਕਦਾ ਹੈ, ਪੂਰੀ ਇਮਾਰਤ ਨੂੰ ਪਤਾ ਹੁੰਦਾ ਹੈ , ਪਰ ਮਾਪੇ ਰੋਂਦੇ ਹਨ ਤਾਂ ਕੋ਼ਲ ਬੈਠੀ ਉਲਾਦ ਨੂੰ ਪਤਾ ਨਹੀਂ ਲੱਗਦਾ। ਕਿਹਾ ਜਾਂਦਾ ਹੈ ਇਹ ਮਲਕ ਰਿਸ਼ਤਾ ਹੈ, ਜੇ ਘੁੱਟ ਕੇ ਫੜਾਂਗੇ ਤਾਂ ਦਮ ਘੁੱਟ ਕੇ ਮਰ ਜਾਣਗੇ, ਜੇ ਖੁੱਲ੍ਹੇ ਛੱਡਾਂਗੇ ਤਾਂ ਉੱਡ ਜਾਣਗੇ। ਇਸ ਸਾਂਝ ਵਿਚਲੇ ਪੀੜ੍ਹੀ-ਪਾੜੇ ਦੀਆਂ ਪਲਦੀਆਂ ਕਹਾਣੀਆਂ ਸੋਸ਼ਲ ਮੀਡੀਆ ਨਿੱਤ ਖਿਲਾਰ ਰਿਹਾ ਹੈ, ਪਰ ਅਸੀਂ ਹੋਈਆਂ-ਬੀਤੀਆਂ ਤੋਂ ਨਹੀਂ ਸਿਖਦੇ। ਸਭ ਨੂੰ ਆਪਣੇ ਬੱਚੇ ਵਧੀਆ ਨਿਭਣ ਵਾਲੇ ਹੀ ਲੱਗਦੇ ਹਨ। ਇਕ ਘਟਨਾ ਦਾ ਉਲੇਖ ਹੈ - ਇੱਕ ਵਾਰ ਇੱਕ ਪਿਤਾ ਆਪਣੀ ਛੋਟੀ ਧੀ ਨਾਲ ਪੁਲ ਪਾਰ ਕਰ ਰਿਹਾ ਸੀ। ਪਿਤਾ ਨੇ ਧੀ ਨੂੰ ਕਿਹਾ,'ਮੇਰਾ ਹੱਥ ਫੜ ਲੈ, ਆਪਾਂ ਪਾਰ ਹੋ ਜਾਵਾਂਗੇ'। ਧੀ ਨੇ ਕਿਹਾ,'ਤੁਸੀਂ ਮੇਰਾ ਹੱਥ ਫੜੋ'। ਪਿਤਾ ਨੇ ਫਿਰ ਕਿਹਾ,'ਕੀ ਇਹ ਇੱਕੋ ਗੱਲ ਨਹੀਂ'? ਧੀ ਨੇ ਕਿਹਾ,'ਸਾਡੀ ਪੀੜ੍ਹੀ ਮੁਸੀਬਤ ਸਮੇਂ ਹੱਥ ਛੱਡ ਜਾਂਦੀ ਹੈ ਪਰ ਪਿਤਾ ਆਪਣੀ ਜਾਨ ਤੇ ਖੇਡ ਕੇ ਵੀ ਨਾਲ ਨਿਭਦੇ ਹਨ'। ਇਉਂ ਦੋ ਪੀੜ੍ਹੀਆਂ ਦੀ ਸੋਚ ਨਿਤਰਦੀ ਹੈ। ਅਸਲ ਵਿੱਚ ਦਿਸਦੇ ਜਗਤ ਦੀ ਪਕੜ ਭਾਰੂ ਹੋ ਕੇ ਅੰਦਰਲੀ ਦੁਨੀਆਂ ਨੂੰ ਮੇਟਦੀ ਹੈ। ਇਸ ਵਿੱਚ ਸਾਡੀ ਪੀੜ੍ਹੀ ਦਾ ਕਸੂਰ ਹੈ ਜੋ ਆਪਣੇ ਲਈ ਜਿਉਂ ਕੇ ਹੀ ਨਹੀਂ ਦੇਖਦੇ ਰਹੇ। ਹੁਣ ਸੋਚ ਬਦਲਣ ਦੀ ਲੋੜ ਹੈ। ਵਾਰ ਵਾਰ ਨਸੀਹਤ ਕੀਤੀ ਜਾਂਦੀ ਹੈ ਕਿ ਤੁਹਾਡੇ ਪਹਿਲੇ ਸਾਹ ਵੇਲੇ ਇਹ ਮਾਪੇ ਕੋ਼ਲ ਸਨ, ਤੁਸੀਂ ਇਨ੍ਹਾਂ ਦੇ ਆਖਰੀ ਸਾਹਾਂ ਤੇ ਕੋ਼ਲ ਹੋਣ ਦਾ ਯਤਨ ਕਰੋ। ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ।



# ਗਾਹੇ ਬਗਾਹੇ 90 ਸਾਲਾਂ ਦੇ ਬਜ਼ੁਰਗ ਕਾਰਾਂ ਚਲਾਉਂਦੇ ਦੇਖੇ ਹੋਣਗੇ

ਹਾਲ ਹੀ ਵਿੱਚ ਹੋਈਆਂ ਸੂਬਾਈ ਚੋਣਾ ਦੇ ਨਤੀਜੇ ਬਹੁਤ ਹੀ ਦਿਲਚਸਪ ਰਹੇ ਹਨ । ਇੱਥੋਂ ਦੀਆਂ ਦੋ ਪ੍ਰਮੁੱਖ ਰਿਵਾਇਤੀ ਪਾਰਟੀਆਂ ਐਨ ਡੀ ਪੀ ਅਤੇ ਯੁਨਾਈਟਡ ਕੰਜ਼ਰਵੇਟਿਵ ਵਿਚਾਲੇ ਰਿਹਾ। ਵੱਖ ਵੱਖ ਅਦਾਰਿਆਂ ਵੱਲੋਂ ਚੋਣ ਸਰਵੇਖਣਾ ਤੋਂ ਨਤੀਜਿਆਂ ਦਾ ਅੰਦਾਜਾ ਸਹੀ ਹੀ ਲੱਗ ਰਿਹਾ ਸੀ। ਬਾਕੀ ਦੀਆਂ ਸਾਰੀਆਂ ਹੀ ਪਾਰਟੀਆਂ ਦਾ ਕੋਈ ਵਧੀਆ ਪ੍ਰਦਰਸ਼ਨ ਨਹੀਂ ਰਿਹਾ। ਇੱਥੋਂ ਤੱਕ ਕੀ ਫੈਡਰਲ ਸਰਕਾਰ ਦੀ ਲਿਬਰਲ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ ਸਕੀ । ਸਾਡੇ ਦੇ ਲਾਗੇ ਦੇ ਸ਼ਹਿਰ ਐਡਮਿੰਟਨ ਵਿੱਚ ਸਾਰਾ ਸ਼ਹਿਰ ਸੰਤਰੀ ਰੰਗ ਵਿੱਚ ਰੰਗਿਆ ਗਿਆ । ਪੇਂਡੂ ਖੇਤਰ ਵਿੱਚ ਜਿਆਦਾਤਰ ਖੇਤਰ ਨੀਲੇ ਰੰਗ ਵਿੱਚ ਰੰਗਿਆ ਗਿਆ । ਪਰ ਹੁਣ ਸਵਾਲ ਇਹ ਹੈ ਕਿ ਕੰਜਰਵੇਟਿਵ ਪਾਰਟੀ ਦੀ ਸਰਕਾਰ ਹੁਣ ਆਪਣੇ ਕੀਤੇ ਵਾਅਦੇ ਕਿੰਨੇ ਕੁ ਪੂਰੇ ਕਰੇਗੀ ਇਹ ਭਵਿੱਖ ਦੇ ਗਰਭ ਵਿੱਚ ਹੈ,ਅਤੇ ਐਨ ਡੀ ਪੀ ਵੀ ਇੱਕ ਮਜਬੂਤ ਵਿਰੋਧੀ ਧਿਰ ਵੱਜੋਂ ਉਭਰੀ ਹੈ ਅਤੇ ਉਹਨਾਂ ਦੀਆਂ ਸੀਟਾਂ ਪਿਛਲੇ ਸੂਬਾਈ ਚੋਣ ਨਤੀਜਿਆ ਨਾਲੋਂ ਵਧੀਆ ਰਹੇ ਹਨ । ਸਾਡੇ ਮੌਜੂਦਾ ਮੈਡੀਕਲ ਸਿਸਟਮ ਦਾ ਕੀ ਹਾਲ ਹੈ ਇਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ। ਸ਼ਹਿਰ ਦੇ ਸਾਰੇ ਹਸਪਤਾਲਾਂ ਦੇ ਐਮਰਜੈਂਸੀ ਵਾਰਡਾ ਵਿੱਚ ਲੰਮੀਆਂ ਕਤਾਰਾਂ ਅਤੇ ਇੰਤਜ਼ਾਰ ਦਾ ਸਮਾਂ ਉਹਨਾਂ ਨੂੰ ਪੁੱਛਿਆ ਪਤਾ ਲੱਗਦਾ ਹੈ ਕਿ ਕਿੰਨੀ ਕੁ ਤਕਲੀਫ ਝੱਲੀ ਹੈ। ਮੇਰੀ ਜਾਚੇ ਇਸ ਦਾ ਇੱਕ ਕਾਰਨ ਵਧਦੀ ਕਨੇਡੀਅਨ ਆਬਾਦੀ ਵੀ ਹੋ ਸਕਦਾ ਹੈ , ਮੈਡੀਕਲ ਸਟਾਫ ਵਿੱਚ ਕੋਈ ਜਿਆਦਾ ਵਾਧਾ ਨਹੀਂ ਹੋਇਆ ਭਾਵ ਕਿ ਇਨਫਰਾਸਟਰਕਚਰ ਵਿੱਚ ਪਰ ਵਧਦੀ ਆਬਾਦੀ ਕਾਰਨ ਮੈਡੀਕਲ ਸਿਸਟਮ ਤੇ ਬੋਝ ਜਿਆਦਾ ਹੋ ਗਿਆ ਜਿਸ ਕਾਰਨ ਮਰੀਜਾਂ ਨੂੰ ਲੰਬਾ ਸਮਾ ਹਸਪਤਾਲਾਂ ਵਿੱਚ ਇੰਤਜਾਰ ਕਰਨਾ ਪੈਂਦਾ ਹੈ । ਇਸ ਦੇ ਨਾਲ ਜੇਕਰ ਉਮਰ ਦੀ ਅਵਧੀ ਭਾਵ ਕਿ ਲਾਈਫ ਸਪੈਨ ਦੀ ਗੱਲ ਕਰੀਏ ਤਾਂ ਭਾਰਤੀ ਲੋਕਾਂ ਦੀ ਔਸਤਨ ਉਮਰ 60 ਸਾਲ ਹੀ ਕਹੀਏ ਤਾਂ ਕੋਈ ਅਤਿ ਕਥਨੀ ਹੋਵੇਗੀ ਇਸ ਤੋਂ ਉਪਰ ਜਿੰਨੀ ਵੀ ਹੋ ਜਾਵੇ ਉਹ ਬਖਸ਼ੀਸ਼ ਹੋਵੇਗੀ । ਪਰ ਗੋਰੇ ਲੋਕਾਂ ਦਾ ਲਾਈਫ ਸਪੈਨ 80-90 ਸਾਲ ਹੈ। ਗਾਹੇ ਬਗਾਹੇ 90 ਸਾਲਾਂ ਦੇ ਬਜੁਰਗ ਕਾਰਾਂ ਚਲਾਉਂਦੇ ਦੇਖੇ ਹੋਣਗੇ। ਇਸ ਦੇ ਪਿੱਛੇ ਦਾ ਕਾਰਨ ਇਹ ਵੀ ਹੋ ਸਕਦਾ ਇੱਥੇ ਸਾਲ ਵਿੱਚ ਇੱਕ ਵਾਰ ਡਾਕਟਰੀ ਚੈੱਕ ਅੱਪ ਦੇ ਨਾਲ ਨਾਲ ਲੋੜੀਂਦੇ ਟੈਸਟ ਵੀ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਜੋ ਜਿੰਦਗੀ ਵਿੱਚ ਅਗਾਂਊ ਆਉਣ ਵਾਲੀ ਤਕਲੀਫ ਨਾਲ ਸਮਾਂ ਰਹਿੰਦੇ ਨਜਿੱਠਿਆ ਜਾ ਸਕੇ। ਪਰ ਜੇਕਰ ਸਾਡੇ ਭਾਈਚਾਰੇ ਦੀ ਗੱਲ ਕਰੀਏ ਤਾਂ ਅਸੀਂ ਸਾਰੀ ਜਿੰਦਗੀ ਪੈਸਾ ਕਮਾਉਣ ਦੀ ਦੌੜ ਵਿੱਚ ਸਿਹਤ ਗਵਾ ਦਿੰਦੇ ਹਾਂ ਅਤੇ ਫਿਰ ਸਿਹਤ ਨੂੰ ਠੀਕ ਕਰਨ ਲਈ ਕਮਾਇਆ ਪੈਸਾ ,ਅਤੇ ਸਮਾਂ ਤਾਂ ਲੰਘਿਆ ਕਦੇ ਪਰਤਿਆ ਹੀ ਨਹੀ। ਬਾਕੀ ਉਮੀਦਾਂ ਤੇ ਦੁਨੀਆ ਕਾਇਮ ਹੈ । ਨਵੀਂ ਬਣੀ ਸਰਕਾਰ ਨੂੰ ਸ਼ੁੱਭ ਇਛਾਵਾਂ ਅਤੇ ਉਮੀਦ ਕਰਦੇ ਹਾਂ ਕਿ ਨਵੀਂ ਬਣੀ ਸਰਕਾਰ ਨੇ ਜੋ ਚੋਣ ਮੈਨੀਫੈਸਟ ਵਿੱਚ ਵਾਅਦੇ ਕੀਤੇ ਹਨ ਉਹਨਾਂ ਨੂੰ ਕਿੰਨਾ ਕੁ ਪੂਰਾ ਕਰੇਗੀ ਜਿਸ ਵਿੱਚ ਮੈਡੀਕਲ ਸਿਸਟਮ ਨੂੰ ਸੁਧਾਰਨਾ, ਸਕੂਲੀ ਸਿਖਿਆ, ਇੰਸ਼ੋਰੇਸ ਰੇਟ, ਬਿਜਲੀ ਅਤੇ ਗੈਸ ਦਰਾਂ ਕਿੰਨਾ ਕੁ ਕੰਟਰੋਲ ਵਿੱਚ ਰਹਿਣਗੀਆਂ, ਜਾਂ ਫਿਰ ਪਿਛਲੇ ਸਮੇਂ ਵਾਂਗ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰਗੀਆਂ ਊਂ ਗੱਲ ਹੈ ਇੱਕ ਬਾਕੀ ਸਭਨਾਂ ਦਾ ਰੱਬ ਰਾਖਾ ।



ਅਸ਼ੀਸ਼ ਨਰੂਲਾ
1 204 890 5040

## ਅਮਰੀਕਾ ਚੀਨ ਨੂੰ ਹੁਣ ਕਿਸੇ ਵੀ ਹਾਲਤ 'ਚ ਵਿਕਾਸਸ਼ੀਲ ਦੇਸ਼ ਦਾ ਦਰਜਾ ਨਹੀਂ ਦੇਵੇਗਾ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਸੰਸਦ ਨੇ ਆਰਥਿਕ ਮੋਰਚੇ 'ਤੇ ਚੀਨ ਨੂੰ ਵੱਡਾ ਝਟਕਾ ਦਿੱਤਾ ਹੈ। ਅਸਲ ਵਿਚ ਅਮਰੀਕੀ ਸੈਨੇਟ ਨੇ ਇਕ ਨਵੇਂ ਕਾਨੂੰਨ ਨੂੰ ਮਨਜ਼ੂਰੀ ਦਿੱਤੀ। ਇਸ ਮੁਤਾਬਕ ਅਮਰੀਕਾ ਚੀਨ ਨੂੰ ਹੁਣ ਕਿਸੇ ਵੀ ਹਾਲਤ 'ਚ ਵਿਕਾਸਸ਼ੀਲ ਦੇਸ਼ ਦਾ ਦਰਜਾ ਨਹੀਂ ਦੇਵੇਗਾ। ਅਮਰੀਕਾ ਦੇ ਇਸ ਕਦਮ ਦਾ ਚੀਨ ਦੀ ਅਰਥਵਿਵਸਥਾ 'ਤੇ ਜ਼ਬਰਦਸਤ ਅਸਰ ਪਵੇਗਾ। ਉਹ ਹੁਣ ਵਿਸ਼ਵ ਬੈਂਕ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਆਸਾਨੀ ਨਾਲ ਅਤੇ ਘੱਟ ਵਿਆਜ 'ਤੇ ਕਰਜ਼ਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵੇਗਾ। ਦੱਸਿਆ ਗਿਆ ਹੈ ਕਿ ਵਿਕਾਸਸ਼ੀਲ ਦੇਸ਼ ਦਾ ਦਰਜਾ ਹੋਣ ਕਾਰਨ ਚੀਨ ਖੁਦ ਤਾਂ ਆਸਾਨ ਅਤੇ ਸਸਤੇ ਵਿਆਜ਼ 'ਤੇ ਕਰਜ਼ੇ ਲੈਂਦਾ ਹੈ ਪਰ ਗਰੀਬ ਦੇਸ਼ਾਂ ਨੂੰ ਸਖ਼ਤ ਸ਼ਰਤਾਂ 'ਤੇ ਕਰਜ਼ੇ ਦੇ ਕੇ ਉਨ੍ਹਾਂ ਨੂੰ ਕਰਜ਼ੇ ਦੇ ਜਾਲ 'ਚ ਫਸਾ ਦਿੰਦਾ ਹੈ । ਮਾਰਚ ਵਿੱਚ ਪਹਿਲੀ ਵਾਰ, ਅਮਰੀਕੀ ਸੰਸਦ ਦੇ ਹੇਠਲੇ ਸਦਨ, ਪ੍ਰਤੀਨਿਧੀ ਸਭਾ ਵਿੱਚ ਇੱਕ ਬਿੱਲ ਲਿਆਂਦਾ ਗਿਆ ਸੀ। ਇਸ ਦੀ ਖਾਸ ਗੱਲ ਇਹ ਸੀ ਕਿ ਇਸ ਦਾ ਮਕਸਦ ਸਿਰਫ ਚੀਨ 'ਤੇ ਲਗਾਮ ਲਗਾਉਣਾ ਸੀ। ਜਦੋਂ ਇਸ ਬਿੱਲ 'ਤੇ ਵੋਟਿੰਗ ਹੋਈ ਤਾਂ ਸਾਰੇ 415 ਸੰਸਦ ਮੈਂਬਰਾਂ ਨੇ ਇਸ ਬਿੱਲ ਕਿ ਚੀਨ ਇੱਕ ਵਿਕਾਸਸ਼ੀਲ ਦੇਸ਼ ਨਹੀਂ ਹੈ ਐਕਟ ਦੇ ਹੱਕ ਵਿੱਚ ਵੋਟਾਂ ਪਾਈਆਂ । ਕਿਸੇ ਵੀ ਸੰਸਦ ਮੈਂਬਰ ਨੇ ਇਸ ਦਾ ਵਿਰੋਧ ਨਹੀਂ ਕੀਤਾ। ਇਕ ਰਿਪੋਰਟ ਮੁਤਾਬਕ 9/11 ਦੇ ਹਮਲੇ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ , ਜਦੋਂ ਹਰੇਕ ਸੰਸਦ ਮੈਂਬਰ ਕਿਸੇ ਬਿੱਲ ਦੇ ਹੱਕ ਵਿਚ ਭੁਗਤਿਆ ਹੁਣ ਸੈਨੇਟ ਨੇ ਵੀ ਬਿਨਾਂ ਕਿਸੇ ਬਦਲਾਅ ਦੇ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 903 4149 ***227***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉਪਰ ( ਪੀ ਆਰ ਅਪਲਾਈ ਕੀਤਾ ਹੋਇਆ ਹੈ) ਨਰੂਲਾ ਪਰਿਵਾਰ ਦਾ ਲੜਕੇ ਉਮਰ 34 ਸਾਲ,ਕੱਦ 6 ਫੁੱਟ, ਬੀ ਟੈਕ ਕੰਪਿਊਟਰ ਸਾਇੰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਏਸ ਟਾਈਮ ਮੈਨੇਜਰ ਦੀ ਜੌਬ ਕਰ ਰਿਹਾ ਹੈ। ਸੰਪਰਕ: 403 973 4039 ***223***

### ਲੜਕੀ ਦੀ ਲੋੜ
ਜੱਟ ਸਿੱਖ ਉੱਪਲ ਪਰਿਵਾਰ ਦੇ ਲੜਕੇ ਉਮਰ 23 ਸਾਲ ,ਕੱਦ 6 ਫੁੱਟ, ਲੁਧਿਆਣਾ ਜਿਲੇ ਵਿੱਚ ਰਾਇਕੋਟ ਏਰੀਆ 8 ਕਿੱਲੇ ਜ਼ਮੀਨ ਦੀ ਮਾਲਕੀ, ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਵਿੱਚ ਵਿਜਟਿਰ ਵੀਜੇ ਉੱਪਰ ਆਇਆ ਹੋਇਆ ਹੈ ਅਤੇ ਉਸ ਨੇ ਵਰਕ ਪਰਮਿਟ ਵੀ ਅਪਲਾਈ ਕੀਤਾ ਹੋਇਆ ਹੈ। ਸੰਪਰਕ: 403 607 2874 ***223***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ। ਸੰਪਰਕ: 1 780 278 0410 ***227***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ। ਸੰਪਰਕ: 403 971 2245 ***227***

### ਲੜਕੇ ਦੀ ਲੋੜ
Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

### ਲੜਕੀ ਦੀ ਲੋੜ
Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

### ਲੜਕੀ ਦੀ ਲੋੜ
ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

### ਲੜਕੇ ਦੀ ਲੋੜ
ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 431 338 0570 ਜਾਂ 1 204 504 8723 ***226***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

### ਲੜਕੀ ਦੀ ਲੋੜ
ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ। ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ। ਸੰਪਰਕ: 587 837 4330 , ਵਟਸ ਐਪ: 8527485888 ***226***

### ਲੜਕੀ ਦੀ ਲੋੜ
ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, 1986,ਕੱਦ 5 ਫੁੱਟ 5 ਇੰਚ, ਐਮ ਏ ਬੀ ਐਡ ਪੜੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਸਹਿਰ ਦੇ ਰਿਸ਼ਤੇ ਨੂੰ ਪਹਿਲ ਹੋਵੇਗੀ। ਸੰਪਰਕ: 1 306 715 3191 ***222***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸ਼ੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

### ਲੜਕੇ ਦੀ ਲੋੜ
ਪੰਜਾਬ ਯੂਨੀਵਰਸਿਟੀ ਤੋਂ ਗਰੈਜੂਏਟ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਸੈਣੀ ਸਿੱਖ ਪਰਿਵਾਰ ਦੀ ਨਿਰਪੱਖ ਅਤੇ ਸੁੰਦਰ ਅਨਮੈਰਿਡ ਮੋਹਾਲੀ ਸ਼ਹਿਰ ਦੀ ਜੰਮਪਲ ਲੜਕੀ,ਜਨਮ 1984,ਕੱਦ 5 ਫੁੱਟ 4 ਇੰਚ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 698 3247 ਜਾਂ
ਈ ਮੇਲ : paramjitkaur0603@gmail.com ***221***

### ਲੜਕੀ ਦੀ ਲੋੜ
ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਸਿਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902
E mail: vijaykumarsuman25@yahoo.co.in ***225***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਕਨੇਡਾ ਦੇ ਦੋ ਸੂਬਿਆਂ ਵਿੱਚ ਸਫਲ ਸਥਾਪਿਤ ਕਾਰੋਬਾਰ, ਵੈਲ ਸੈਟਲਡ ਪਰਿਵਾਰ ਦੇ ਕਨੇਡਾ ਵਿੱਚ 16 ਸਾਲ ਤੋਂ ਰਹਿ ਰਹੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 510 7658 ਜਾਂ 1 437 881 7282 ***221***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ। ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

### ਲੜਕੀ ਦੀ ਲੋੜ
Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

### ਲੜਕੀ ਦੀ ਲੋੜ
ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

### ਲੜਕੇ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

### ਲੜਕੀ ਦੀ ਲੋੜ
ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

### ਲੜਕੇ ਦੀ ਲੋੜ
Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436

## Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ। ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 854 3124

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ


ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ




## ਟੈਕਸਾਸ ਵਿੱਚ ਆਏ ਤੂਫਾਨ ਨੇ ਵਿਆਪਕ ਤਬਾਹੀ ਮਚਾਈ
ਐਡਮੰਟਨ ( ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਅਮਰੀਕਾ ਦੇ ਉੱਤਰੀ ਟੈਕਸਾਸ ਦੇ ਇੱਕ ਕਸਬੇ ਵਿੱਚ ਇੱਕ ਵਿਸ਼ਾਲ ਤੂਫ਼ਾਨ ਆਇਆ, ਜਿਸ ਨਾਲ ਵਿਆਪਕ ਤਬਾਹੀ ਹੋਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ 'ਚ ਕਰੀਬ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਇਸ ਦੇ ਨਾਲ ਹੀ 100 ਤੋਂ ਜ਼ਿਆਦਾ ਲੋਕ ਜ਼ਖਮੀ ਹਨ। ਕਈ ਦੱਖਣੀ ਅਤੇ ਮੱਧ-ਪੱਛਮੀ ਰਾਜਾਂ ਵਿੱਚ ਅਮਰੀਕੀਆਂ ਨੂੰ ਸੁਚੇਤ ਕੀਤਾ ਗਿਆ ਸੀ। ਕੋਲੋਰਾਡੋ, ?ਕਲਾਹੋਮਾ, ਅਰਕਨਸਾਸ ਅਤੇ ਫਲੋਰੀਡਾ ਦੇ ਕੁਝ ਹਿੱਸਿਆਂ ਲਈ ਤੂਫਾਨ, ਤੇਜ਼ ਗਰਜ ਚਮਕ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ। ਟੈਕਸਾਸ ਪੈਨਹੈਂਡਲ ਦੇ ਲਗਭਗ 8,000 ਲੋਕਾਂ ਦੇ ਕਸਬੇ ਪੇਰੀਟਨ ਵਿੱਚ ਇੱਕ ਜ਼ਬਰਦਸਤ ਤੂਫਾਨ ਨੇ ਕਈ ਇਮਾਰਤਾਂ ਨੂੰ ਤਬਾਹ ਕਰ ਦਿੱਤਾ ਅਤੇ ਦਰੱਖਤਾਂ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਹੈ।

## Name Change
I, **UMA RANI** mother of **DEVANSH** holder of Indian Passport **# T9232130** issued at **BAMAKO, on 03/04/2019**, permanent resident of **V.P.O: FATEHPUR, JAGADHARI, YAMUNANAGAR, PIN: 135101, HARYANA, INDIA** and presently residing at **19 CITYSCAPE GROVE NE CALGARY (AB) T3N 0M7** Canada do hereby change the name of my Son from **DEVANSH** to **DEVANSH KAMBOJ**, with immediate effect.
**Date: 15 JUNE 2023 Cont.: 587 837 0400**

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਸਾਲਾਨਾ ਇਜਲਾਸ ਮੌਕੇ -
## ਚੁੰਨੀ ਆਪਣੀ ਨੂੰ ਰੰਗ ਕੀਤਾ, ਇੱਕ ਤਾਂ ਮੈਂ ਸੋਹਣੀ, ਦੂਜਾ ਸੋਹਣੇ ਦਾ ਸੰਗ ਕੀਤਾ।



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਆਮ ਇਜਲਾਸ - ਏ ਜੀ ਐਮ - 5 ਜੂਨ ਨੂੰ ਹਾਰਵੈਸਟ ਹਿੱਲਜ਼ ਅਲਾਇੰਸ ਚਰਚ ਦੇ ਹਾਲ ਵਿੱਚ ਕੀਤਾ ਗਿਆ। ਐਮ ਐਲ ਏ ਗੁਰਿੰਦਰ ਬਰਾੜ ਨੇ ਲੋਕਾਂ ਦੇ ਮਸਲੇ ਨਜਿੱਠਣ ਲਈ ਜਤਨ ਕਰਨ ਦਾ ਭਰੋਸਾ ਦਿੱਤਾ। ਪ੍ਰੰਪਰਾਗਤ ਇਜਲਾਸ ਸ਼ੁਰੂ ਕਰਦਿਆਂ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ 30 ਮਈ, 2022 ਨੂੰ ਹੋਈ ਪਿਛਲੀ ਏ ਜੀ ਐਮ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿੱਚ ਆਮਦਨ-ਖ਼ਰਚ ਦਾ ਲੇਖਾ ਜੋਖਾ ਅਤੇ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਦਾ ਪੂਰਾ ਬਿਊਰਾ ਦਿੱਤਾ ਗਿਆ। ਮੈਂਬਰਾਂ ਦੀ ਭਰਵੀਂ ਹਾਜ਼ਰੀ ਵਿੱਚ ਰਿਪੋਰਟ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਉਪ੍ਰੰਤ ਕਾਰਜਕਾਰਨੀ ਦੀ ਚੋਣ ਲਈ ਨਾਮਜ਼ਦਗੀਆਂ ਭਰੀਆਂ ਗਈਆਂ। ਐਸੋਸੀਏਸ਼ਨ ਨਾਲ ਸੰਬੰਧਤ ਅਗਲੇ ਦਿਨਾਂ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਗਿਆ ਜਿਹਨਾਂ ਵਿੱਚ 7 ਜੁਲਾਈ ਨੂੰ ਕੈਨੇਡਾ ਦਿਵਸ ਮਨਾਉਣਾਵੀ ਸਾਮਿਲ ਸੀ।

ਹਰਿੰਦਰ ਕੌਰ ਮੁੰਡੀ ਨੇ ਕੁੜੀ ਦੇ ਜੰਮਣ ਤੋਂ ਲੈ ਕੇ ਉਸ ਦੇ ਸਾਰੇ ਰਿਸ਼ਤਿਆਂ ਦੀ ਬਣਤਰ, ਉਸ ਦੀਆਂ ਸਾਰੀਆਂ ਰੀਝਾਂ, ਸੱਧਰਾਂ, ਦਰਦਾਂ ਦੀ ਦਾਸਤਾਨ, ਸਾਰੇ ਤਿਉਹਾਰਾਂ, ਸ਼ਗਨਾਂ ਵਿਚ ਨਿਭਾਏ ਜਾਣ ਵਾਲੇ ਅਹਿਮ ਰੋਲ ਬਾਰੇ ਬਹੁਤ ਸੰਵੇਦਨਸ਼ੀਲ ਵਿਚਾਰ ਪੇਸ਼ ਕੀਤੇ। ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਰਾਹੀਂ ਦਰਸਾਇਆ ਕਿ ਕਿਵੇਂ ਕੁੜੀ ਤੋਂ ਬਿਨਾ ਪਰਿਵਾਰ ਜਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸੁਰਿੰਦਰ ਢਿੱਲੋਂ ਨੇ ਖ਼ੂਬਸੂਰਤ ਅੰਦਾਜ਼ ਵਿਚ ਸ਼ਬਦ-ਗਾਇਨ ਕੀਤਾ - ਜਗਤ ਮੇਂ ਝੂਠੀ ਦੇਖੀ ਪ੍ਰੀਤ। ਢਾ: ਮਨਮੋਹਨ ਬਾਠ ਤੋਂ ਹਿੰਦੀ ਗਾਣਾ - ਤੇਰੇ ਜੈਸਾ ਕੋਈ ਨਹੀਂ - ਸੁਣ ਕੇ ਲੱਗਿਆ ਕਿ ਗਾਇਕੀ ਵਿਚ ਉਸ ਵਰਗਾ ਵੀ ਕੋਈ ਨਹੀਂ। ਵਿਨੋਦ ਕੁਮਾਰੀ ਦੀ ਤਾਂ ਮਧੁਰ ਆਵਾਜ਼ ਗਾਇਕੀ ਲਈ ਕੁਦਰਤ ਦੀ ਸੌਗਾਤ ਹੈ। ਉਸ ਨੇ ਟੱਪੇ ਸੁਣਾ ਕੇ ਲੋਕ-ਰੰਗ ਉਜਾਗਰ ਕਰ ਦਿੱਤਾ - ਚੁੰਨੀ ਆਪਣੀ ਨੂੰ ਰੰਗ ਕੀਤਾ, ਇੱਕ ਤਾਂ ਮੈਂ ਸੋਹਣੀ, ਦੂਜਾ ਸੋਹਣੇ ਦਾ ਸੰਗ ਕੀਤਾ। ਜਨਾਬ ਤਾਰਿਕ ਮਲਿਕ ਨੇ ਨਸੀਰ ਅਹਿਮਦ ਨਾਸਰ ਦੀ ਨਜ਼ਮ ਵਜਾਹ ਫ਼ੁਰਮਾਈ - ਕਿਆ ਖ਼ਬਰ ਮੇਰੇ ਜਨੂੰ ਕੋ ਸ਼ਹਿਰ ਕਿਊਂ ਰਾਸ ਆ ਗਿਆ। ਐਸੇ ਆਲਮ ਮੇਂ ਤੋ ਸਹਰਾ ਦੇਖਨੇ ਕੀ ਚੀਜ਼ ਥੀ।

ਪ੍ਰਮਿੰਦਰ ਗਰੇਵਾਲ ਨੇ ਠੇਠ ਪੰਜਾਬੀ ਵਿੱਚ ਦਿਲ ਦੀ ਧੜਕਣ, ਖ਼ੂਨ ਅਤੇ ਸਰੀਰ ਬਾਰੇ ਵਿਗਿਆਨਕ ਤੱਥਾਂ ਦੀ ਜਾਣਕਾਰੀ ਦਿੱਤੀ। ਉਸ ਦਾ ਸ਼ੇਅਰ ਜ਼ਬਾਨ ਤੇ ਚੜ੍ਹ ਗਿਆ - ਪ੍ਰੇਸ਼ਾਨੀਆਂ ਮੇਰੀ ਉਨਹੇਂ ਮਤ ਕਹਿਨਾ, ਸੁਨੇਂਗੇ ਤੋ ਵੁਹ ਭੀ ਪ੍ਰੇਸ਼ਾਂ ਹੋਂਗੇ। ਯੂਨੀਵਰਸਿਟੀ ਆਫ ਕੈਲਗਰੀ ਦੀ ਸਿਹਤ ਵਿਗਿਆਨ ਦੀ ਵਿਦਿਆਰਥਣ ਰਣੀਤ ਕਾਹਲੋਂ ਨੇ ਸਿਹਤਮੰਦ ਰਹਿਣ ਲਈ ਖ਼ੁਰਾਕ ਅਤੇ ਜੀਵਨ-ਜਾਚ ਦੀ ਅਹਿਮੀਅਤ ਬਾਰੇ ਵਿਸਥਾਰ ਵਿੱਚ ਦੱਸਿਆ। ਅਜਾਇਬ ਸਿੰਘ ਸੇਖੋਂ ਨੇ ਸੰਤੁਲਿਤ ਸਾਦੀ ਖ਼ੁਰਾਕ, ਸੈਰ, ਕਸਰਤ, ਮਨਪਰਚਾਵਾਅਤੇ ਖ਼ੁਸ਼ ਰਹਿਣ ਦੀ ਅਹਿਮੀਅਤ ਦੱਸੀ। ਯਾਦਵਿੰਦਰ ਸਿੱਧੂ ਨੇ ਚੁਟਕਲੇ ਸੁਣਾਏ। ਹੈਰੀ ਸੇਖੋਂ ਨੇ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਮਾਪਿਆਂ ਨੂੰ ਔਲਾਦ ਤੇ ਲੋੜੀਂਦੀ ਨਿਗਾਹ ਰੱਖਣ ਦੀ ਨਸੀਹਤ ਦਿੱਤੀ। ਸਰਦਾਰ ਲਾਲ ਮੱਟੂ ਨੇ ਸਕਾਰਾਤਮਿਕ ਪਹੁੰਚ ਅਪਨਾਉਣ ਤੇ ਜ਼ੋਰ ਦਿੱਤਾ। ਜਰਨੈਲ ਤੱਗੜ ਨੇ ਇੱਕ ਗੀਤ ਦੇ ਬੋਲ ਸਾਂਝੇ ਕੀਤੇ। ਜਗਦੇਵ ਸਿੱਧੂ ਨੇ ਮਿਆਰੀ ਪੇਸ਼ਕਾਰੀਆਂ ਨਮਿੱਤ ਉਸਾਰੂ ਟਿੱਪਣੀਆਂ ਕੀਤੀਆਂ। ਪ੍ਰਬੰਧਕੀ ਸੇਵਾਵਾਂ ਲਈ ਪਰਮਜੀਤ ਕੌਰ ਖੋਸਾ, ਅਮਰਜੀਤ ਕੌਰ ਪਲਾਹਾ, ਸੁੱਖੀ ਕੁੰਡੂ, ਜਸਬੀਰ ਕੌਰ ਧਾਲੀਵਾਲ, ਜੰਗਪਾਲ ਖੋਸਾ, ਬਰਿੰਦਰ ਮਦਾਨ, ਦਿਲਾਵਰ ਸਮਰਾ ਅਤੇ ਲਖਵਿੰਦਰ ਜੌਹਲ ਦਾ ਯੋਗਦਾਨ ਸਲਾਹੁਣਯੋਗ ਰਿਹਾ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਾਰੀ ਕਾਰਵਾਈ ਦੌਰਾਨ ਢੁਕਵੀਆਂ ਟੂਕਾਂ ਨਾਲ ਦਿਲਚਸਪੀ ਬਰਕਰਾਰ ਰੱਖੀ।

# ਜੀ.ਟੀ.ਏ. ਕਬੱਡੀ ਕਲੱਬ ਨੇ ਕਰਵਾਇਆ ਟੋਰਾਂਟੋ 'ਚ ਵਿਸ਼ਾਲ ਕਬੱਡੀ ਕੱਪ

## ☛ ਬਰੈਪਟਨ ਯੂਨਾਈਟਡ ਕਬੱਡੀ ਕਲੱਬ ਨੇ ਜਿੱਤਿਆ ਖਿਤਾਬ ☛ ਸੀਲੂ ਹਰਿਆਣਾ, ਭੂਰੀ ਛੰਨਾ ਤੇ ਕਾਲਾ ਧੂਰਕੋਟ ਨੇ ਦਿਖਾਈ ਸਰਵੋਤਮ ਖੇਡ





ਡਾ. ਸੁਖਦਰਸਨ ਸਿੰਘ ਚਹਿਲ
403 660 5476, 9779590575

ਟੋਰਾਂਟੋ ਕਬੱਡੀ ਸੀਜਨ-2023 ਦਾ ਦੂਸਰਾ ਸਾਨਦਾਰ ਤੇ ਵਿਸਾਲ ਕਬੱਡੀ ਕੱਪ ਸੀਸੀਏ ਸੈਂਟਰ (ਪਾਵਰੇਡ ਸੈਂਟਰ) ਦੇ ਖੂਬਸੂਰਤ ਮੈਦਾਨ 'ਚ ਜੀ ਟੀ ਏ ਕਬੱਡੀ ਕਲੱਬ ਵੱਲੋਂ ਦਲਜੀਤ ਸਿੰਘ ਸਹੋਤਾ, ਮੇਜਰ ਨੱਤ, ਬਿੱਲਾ ਰੰਧਾਵਾ, ਜਿੰਦਰ ਬੁੱਟਰ, ਕਰਮਜੀਤ ਸੁੰਨੜ, ਬੰਤ ਨਿੱਝਰ ਤੇ ਸਤਨਾਮ ਸਰਾਏ ਹੋਰਾਂ ਵੱਲੋਂ ਕਬੱਡੀ ਫੈਡਰੇਸਨ ਆਫ ਓਂਟਾਰੀਓ ਦੇ ਝੰਡੇ ਹੇਠ ਕਰਵਾਇਆ ਗਿਆ। ਜਿਸ ਨੂੰ ਬਰੈਪਟਨ ਯੂਨਾਈਟਡ ਕਬੱਡੀ ਕਲੱਬ ਦੀ ਟੀਮ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਉਪ ਜੇਤੂ ਬਣੀ। ਦਰਸਕਾਂ ਦੇ ਅਥਾਹ ਹੁੰਗਾਰੇ ਨੇ ਟੂਰਨਾਮੈਂਟ ਪ੍ਰਬੰਧਕਾਂ ਤੇ ਖਿਡਾਰੀਆਂ ਦਾ ਪੂਰਾ ਦਿਨ ਉਤਸਾਹ ਬਣਾਈ ਰੱਖਿਆ।

**ਪਹਿਲੇ ਦੌਰ ਦੇ ਮੈਚ:-** ਕਬੱਡੀ ਫੈਡਰੇਸਨ ਆਫ ਓਂਟਾਰੀਓ ਨਾਲ ਸਬੰਧਤ ਸੱਤ ਕਲੱਬਾਂ ਦੀਆਂ ਟੀਮਾਂ ਨੇ ਇਸ ਕੱਪ ਨੂੰ ਸਫਲ ਬਣਾਉਣ 'ਚ ਸਾਨਦਾਰ ਭੂਮਿਕਾ ਨਿਭਾਈ। ਵਾਹਿਗੁਰੂ ਦਾ ਓਟ ਆਸਰਾ ਲੈ ਕੇ ਆਰੰਭ ਹੋਏ ਇਸ ਕੱਪ ਦੇ ਪਹਿਲੇ ਮੈਚ 'ਚ ਮੇਜਬਾਨ ਜੀ ਟੀ ਏ ਕਲੱਬ ਦੀ ਟੀਮ ਨੇ ਮੰਨਾ ਬੱਲ ਨੌਂ ਤੇ ਸੁੱਖਾ ਬਾਜਵਾ ਦੇ ਵਧੀਆ ਧਾਵਿਆ, ਅੰਮ੍ਰਿਤ ਔਲਖ ਤੇ ਯਾਦ ਕੋਟਲੀ ਦੇ ਸਾਨਦਾਰ ਜੱਫਿਆਂ ਸਦਕਾ ਇੰਟਰਨੈਸਨਲ ਪੰਜਾਬੀ ਸਪੋਰਟਸ ਐਂਡ ਕਲਚਰ ਕਲੱਬ ਦੀ ਟੀਮ ਨੂੰ 34-27 ਅੰਕਾਂ ਨਾਲ ਹਰਾਇਆ। ਇੰਟਰਨੈਸਨਲ ਪੰਜਾਬੀ ਕਲੱਬ ਵੱਲੋਂ ਚਿੱਤਪਾਲ ਚਿੱਟੀ ਤੇ ਜੱਸੀ ਸਹੋਤਾ ਨੇ ਵਧੀਆ ਰੇਡਾਂ ਪਾਈਆਂ ਤੇ ਜੱਸਾ ਮਾਣੂਕੇ ਨੇ ਵਧੀਆ ਜੱਫੇ ਲਗਾਏ। ਦੂਸਰੇ ਮੈਚ 'ਚ ਯੂਨਾਈਟਡ ਬਰੈਪਟਨ ਕਬੱਡੀ ਕਲੱਬ ਦੀ ਟੀਮ ਨੇ ਭੂਰੀ ਛੰਨਾ, ਬੰਟੀ ਟਿੱਬਾ ਤੇ ਬੁਲਟ ਪੀਰਾਂਵਾਲ ਦੇ ਸਾਨਦਾਰ ਧਾਵਿਆਂ, ਸੀਲੂ ਅਕਬਰਪੁਰ ਦੇ ਸਾਨਦਾਰ ਜੱਫਿਆਂ ਸਦਕਾ ਮੈਟਰੋ ਪੰਜਾਬੀ ਕਬੱਡੀ ਕਲੱਬ ਦੀ ਟੀਮ ਨੂੰ ਫਸਵੇਂ ਮੁਕਾਬਲੇ 'ਚ 36-34 ਅੰਕਾਂ ਨਾਲ ਹਰਾਇਆ। ਮੈਟਰੋ ਦੀ ਟੀਮ ਲਈ ਸੰਦੀਪ ਲੁੱਧਰ ਤੇ ਪੱਟੂ ਛੰਨਾ ਨੇ ਜੋਰਦਾਰ ਧਾਵੇ ਬੋਲੇ, ਪ੍ਰੀਤ ਲੱਧੂ ਤੇ ਪ੍ਰਵੀਨ ਮਿਰਜਾਪੁਰ ਨੇ ਵਧੀਆ ਜੱਫੇ ਲਗਾਏ। ਤੀਸਰੇ ਮੈਚ 'ਚ ਓ.ਕੇ.ਸੀ. ਕਬੱਡੀ ਕਲੱਬ ਦੀ ਟੀਮ ਨੇ ਜਸਮਨਪ੍ਰੀਤ ਰਾਜੂ ਦੇ ਧੜੱਲੇਦਾਰ ਧਾਵਿਆਂ ਤੇ ਫਰਿਆਦ ਸਕਰਪੁਰ ਦੇ ਜੁਝਾਰੂ



ਜੱਫਿਆ ਸਦਕਾ ਯੰਗ ਕਬੱਡੀ ਕਲੱਬ ਦੀ ਟੀਮ ਨੂੰ 37-33 ਅੰਕਾਂ ਨਾਲ ਹਰਾਇਆ। ਯੰਗ ਕਲੱਬ ਦੀ ਟੀਮ ਵੱਲੋਂ ਦੁੱਲਾ ਨਿਜਾਮਪੁਰ ਨੇ ਧਾਕੜ ਧਾਵੇ ਬੋਲੇ, ਪੰਮਾ ਸੋਹਣਾ ਤੇ ਸੰਨੀ ਆਦਮਵਾਲ ਨੇ ਸੰਘਰਸਮਈ ਜੱਫੇ ਲਗਾਏ।

**ਦੂਸਰੇ ਦੌਰ ਦੇ ਮੈਚ:-** ਦੂਸਰੇ ਦੌਰ ਦੇ ਪਲੇਠੇ 'ਚ ਮੈਟਰੋ ਪੰਜਾਬੀ ਕਲੱਬ ਦੀ ਟੀਮ ਨੇ ਸੰਦੀਪ ਲੁੱਧਰ ਤੇ ਦੀਪਕ ਕਾਸੀਪੁਰ ਦੇ ਵਧੀਆ ਧਾਵਿਆਂ, ਰਵੀ ਸਾਹੋਕੇ ਤੇ ਗਗਨ ਸੂਰੇਵਾਲ ਦੇ ਜੱਫਿਆਂ ਸਦਕਾ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 34-29 ਨਾਲ ਹਰਾਇਆ। ਟੋਰਾਂਟੋ ਕਲੱਬ ਦੀ ਟੀਮ ਲਈ ਕੁਲਵਿੰਦਰ ਧਰਮਪੁਰਾ ਤੇ ਢੋਲਕੀ ਕਾਲਾ ਸੰਘਿਆਂ ਨੇ ਸੰਘਰਸਮਈ ਧਾਵੇ ਬੋਲੇ, ਜੱਗੂ ਹਾਕਮਵਾਲਾ ਤੇ ਮਨੀ ਮੱਲੀਆਂ ਨੇ ਵਧੀਆ ਜੱਫੇ ਲਗਾਕੇ ਮੈਚ ਨੂੰ ਕਾਂਟੇਦਾਰ ਬਣਾਈ ਰੱਖਿਆ। ਅਗਲੇ ਮੈਚ ਜੀ ਟੀ ਏ ਕਬੱਡੀ ਕਲੱਬ ਦੀ ਟੀਮ ਨੇ ਮੰਨਾ ਬੱਲ ਨੌਂ ਤੇ ਨੀਨਾ ਡਰੋਲੀ ਦੇ ਧਾਕੜ ਧਾਵਿਆਂ, ਯਾਦ ਕੋਟਲੀ, ਅੰਮ੍ਰਿਤ ਔਲਖ ਤੇ ਸੱਤੂ ਖਡੂਰ ਸਾਹਿਬ ਦੇ ਵਧੀਆ ਜੱਫਿਆਂ ਸਦਕਾ ਯੰਗ ਕਬੱਡੀ ਕਲੱਬ ਦੀ ਟੀਮ ਨੂੰ 37-31 ਅੰਕਾਂ ਨਾਲ ਹਰਾਕੇ, ਟੂਰਨਾਮੈਂਟ 'ਚੋਂ ਬਾਹਰ ਕਰ ਦਿੱਤਾ। ਯੰਗ ਕਲੱਬ ਵੱਲੋਂ ਜੀਵਨ ਮਾਣੂਕੇ ਤੇ ਦੁੱਲਾ ਨਿਜਾਮਪੁਰ ਨੇ ਚੰਗੀਆਂ ਕਬੱਡੀਆਂ ਪਾਈਆਂ, ਜੀਤਾ ਤਲਵੰਡੀ ਤੇ ਡੋਗਰ ਪਾਕਿਸਤਾਨ ਨੇ ਸੰਘਰਸਮਈ ਜੱਫੇ ਲਗਾਏ। ਇੱਕ ਹੋਰ ਮੈਚ 'ਚ ਓ ਕੇ ਸੀ ਕਲੱਬ ਦੀ ਟੀਮ ਨੇ ਰਵੀ ਦਿਓਰਾ ਤੇ ਜਸਮਨਪ੍ਰੀਤ ਰਾਜੂ ਦੇ ਧਾਕੜ ਧਾਵਿਆਂ, ਇੰਦਰਜੀਤ ਕਲਸੀਆ ਦੇ ਵਧੀਆ ਜੱਫਿਆਂ ਸਦਕਾ ਇੰਟਰਨੈਸਨਲ ਪੰਜਾਬੀ ਸਪੋਰਟਸ ਐਂਡ ਕਬੱਡੀ ਕਲੱਬ ਦੀ ਟੀਮ ਨੂੰ 35-30 ਅੰਕਾਂ ਨਾਲ ਹਰਾਇਆ। ਇੰਟਰਨੈਸਨਲ ਕਲੱਬ ਲਈ ਬਿਨਾਯਾ ਮਲਿਕ ਤੇ ਦੁੱਲਾ ਬੱਗਾ ਪਿੰਡ ਨੇ ਵਧੀਆ ਧਾਵੇ ਬੋਲੇ, ਸੰਨੀ ਕਾਲਾ ਸੰਘਿਆਂ ਨੇ ਸੰਘਰਸਮਈ ਜੱਫੇ ਲਗਾਏ।

**ਸੈਮੀਫਾਈਨਲ ਮੈਚ:-** ਪਹਿਲੇ ਸੈਮੀਫਾਈਨਲ ਮੁਕਾਬਲੇ 'ਚ ਯੂਨਾਈਟਡ ਬਰੈਂਪਟਨ ਕਬੱਡੀ ਕਲੱਬ ਦੀ ਟੀਮ ਨੇ ਬੁਲਟ ਪੀਰਾਂਵਾਲ ਤੇ ਭੂਰੀ ਛੰਨਾ ਦੇ ਧਾਕੜ ਧਾਵਿਆਂ, ਸੀਲੂ ਅਕਬਰਪੁਰ ਤੇ ਯਾਦਾ ਸੁਰਖਪੁਰ ਦੇ ਧੜੱਲੇਦਾਰ ਜੱਫਿਆਂ ਸਦਕਾ ਜੀ ਟੀ ਏ ਕਬੱਡੀ ਕਲੱਬ ਦੀ ਟੀਮ ਨੂੰ 44-35 ਅੰਕਾਂ ਨਾਲ ਹਰਾਕੇ ਫਾਈਨਲ 'ਚ ਪ੍ਰਵੇਸ ਕੀਤਾ। ਜੀਟੀਏ ਕਲੱਬ ਲਈ ਕਮਲ ਨਵਾਂ ਪਿੰਡ ਤੇ ਮੰਨਾ ਬੱਲ ਨੌਂ ਨੇ ਧਾਕੜ ਧਾਵੇ ਬੋਲੇ, ਸੱਤੂ ਖਡੂਰ ਸਾਹਿਬ ਨੇ ਸੰਘਰਸਮਈ ਜੱਫੇ ਲਗਾਏ। ਦੂਸਰੇ ਸੈਮੀਫਾਈਨਲ 'ਚ ਮੈਟਰੋ ਪੰਜਾਬੀ ਇੰਟਰਨੈਸਨਲ ਕਬੱਡੀ ਕਲੱਬ ਦੀ ਟੀਮ ਨੇ ਸੰਦੀਪ ਲੁੱਧਰ, ਬੂਰੀਆ ਸਿੰਸਰ ਤੇ ਦੀਪਕ ਕਾਸੀਪੁਰ ਦੇ ਧਾਕੜ ਧਾਵਿਆਂ ਤੇ ਰਵੀ ਸਾਹੋਕੇ, ਵੈਦ ਉਲ ਰਾਜਪੂਤ ਤੇ ਗਗਨ ਸੂਰੇਵਾਲ ਦੇ ਜੱਫਿਆ ਸਦਕਾ ਓਕੇਸੀ ਕਲੱਬ ਦੀ ਟੀਮ ਨੂੰ 39-34 ਅੰਕਾਂ ਨਾਲ ਹਰਾਕੇ ਫਾਈਨਲ 'ਚ ਥਾਂ ਬਣਾਈ। ਓਕੇਸੀ ਦੀ ਟੀਮ ਲਈ ਰਵੀ ਦਿਓਰਾ ਤੇ ਜਸਮਨਪ੍ਰੀਤ ਰਾਜੂ ਨੇ ਸੰਘਰਸਮਈ ਰੇਡਾਂ ਪਾਈਆਂ। ਇਸ ਉਪਰੰਤ ਅੰਡਰ-21 ਟੀਮਾਂ ਦਰਮਿਆਨ ਪ੍ਰਦਰਸਨੀ ਮੈਚ ਖੇਡਿਆ ਗਿਆ।

**ਖਿਤਾਬੀ ਜੰਗ:-** ਮੀਂਹ ਤੋਂ ਪ੍ਰਭਾਵਿਤ ਫਾਈਨਲ ਮੈਚ 'ਚ ਯੂਨਾਈਟਡ ਬਰੈਂਪਟਨ ਕਬੱਡੀ ਕਲੱਬ ਦੀ ਟੀਮ ਨੇ ਭੂਰੀ ਛੰਨਾ ਤੇ ਕਾਲਾ ਧੂਰਕੋਟ ਦੀਆਂ ਅਜੇਤੂ ਰੇਡਾਂ, ਸੀਲੂ ਅਕਬਰਪੁਰ ਤੇ ਯੋਧਾ ਸੁਰਖਪੁਰ ਦੇ ਧਵੱਲੇਦਾਰ ਜੱਫਿਆਂ ਸਦਕਾ ਮੈਟਰੋ ਪੰਜਾਬੀ ਕਬੱਡੀ ਕਲੱਬ ਦੀ ਟੀਮ ਨੂੰ 25-8 ਅੰਕਾਂ ਨਾਲ ਹਰਾਕੇ, ਖਿਤਾਬੀ ਜਿੱਤ ਦਰਜ ਕੀਤੀ। ਮੈਟਰੋ ਦੀ ਟੀਮ ਵੱਲੋਂ ਸੰਦੀਪ ਲੁੱਧਰ (ਧਾਵੀ), ਵੈਦ ਉਲ ਰਾਜਪੂਤ ਤੇ ਪ੍ਰਵੀਨ ਮਿਰਜਾਪੁਰ ਨੇ ਸੰਘਰਸਮਈ ਖੇਡ ਦਿਖਾਈ।

**ਸਰਵੋਤਮ ਖਿਡਾਰੀ:-** ਯੂਨਾਈਟਡ ਬਰੈਂਪਟਨ ਕਬੱਡੀ ਕਲੱਬ ਦੇ ਖਿਡਾਰੀ ਭੂਰੀ ਛੰਨਾ ਤੇ ਕਾਲਾ ਧੁਲਕੋਟ 4-4 ਅਜੇਤੂ ਧਾਵੇ ਬੋਲਕੇ ਸਾਂਝੇ ਤੌਰ 'ਤੇ ਸਰਵੋਤਮ ਧਾਵੀ ਬਣੇ। ਟੀਮ ਦੀ ਸਹਿਮਤੀ ਨਾਲ ਸੀਲੂ ਅਕਬਰਪੁਰ (5 ਜੱਫੇ) ਤੇ ਯੋਧਾ ਸੁਰਖਪੁਰ (4 ਜੱਫੇ) ਸਾਂਝੇ ਤੌਰ 'ਤੇ ਬਿਹਤਰੀਨ ਜਾਫੀ ਐਲਾਨੇ ਗਏ।

**ਵਿਸੇਸ ਮਹਿਮਾਨ:-** ਟੂਰਨਾਮੈਂਟ ਦੌਰਾਨ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੰਘ ਸਿੱਧੂ, ਟਿੱਮ ਉਪਲ, ਜਸਰਾਜ ਹੱਲ੍ਹਣ, ਮੇਅਰ ਪੈਟਰਿਕ ਬਰਾਊਨ ਸਮੇਤ ਬਹੁਤ ਸਾਰੇ ਸਾਬਕਾ ਕਬੱਡੀ ਖਿਡਾਰੀਆਂ ਤੇ ਪ੍ਰਮੋਟਰਾਂ ਨੇ ਜੀ ਟੀ ਏ ਕਲੱਬ ਦੇ ਪ੍ਰਬੰਧਕਾਂ ਦਾ ਹੌਸਲਾ ਵਧਾਇਆ।

**ਸੰਚਾਲਕ ਦਲ:-** ਨਾਮਵਰ ਕਬੱਡੀ ਕੁਮੈਂਟੇਟਰ ਮੱਖਣ ਅਲੀ, ਸੁਰਜੀਤ ਕਕਰਾਲੀ, ਗਾਲਿਬ, ਸਿੰਦਰ ਧਾਲੀਵਾਲ, ਕਾਲਾ ਰਛੀਨ ਤੇ ਹੈਰੀ ਬਨਭੌਰਾ ਨੇ ਪੂਰਾ ਦਿਨ ਆਪਣੇ ਸਾਨਦਾਰ ਬੋਲਾਂ ਨਾਲ ਦਰਸਕਾਂ ਨੂੰ ਕਬੱਡੀ ਨਾਲ ਜੋੜ ਕੇ ਰੱਖਿਆ। ਮੈਚਾਂ ਦਾ ਸੰਚਾਲਨ ਅੰਪਾਇਰਿੰਗ ਟੀਮ ਪੱਪ ਭਦੌੜ, ਬਲਵੀਰ ਸਿੰਘ, ਸਾਬੀ, ਟੀਟਾ ਤੇ ਬੀਨਾ ਨੇ ਵਧੀਆ ਤਰੀਕੇ ਨਾਲ ਕੀਤਾ। ਜਸਵੰਤ ਖੜਗ ਤੇ ਕੁਲਵੰਤ ਢੀਂਡਸਾ ਨੇ ਸਕੋਰਰ ਦੀ ਜਿੰਮੇਵਾਰੀ ਨਿਭਾਈ।

**ਸਵੱਲੀ ਨਜਰ:-** ਕਬੱਡੀ ਫੈਡਰੇਸਨ ਆਫ ਓਂਟਾਰੀਓ ਦੇ ਝੰਡੇ ਹੇਠ ਕਰਵਾਏ ਗਏ ਇਸ ਟੂਰਨਾਮੈਂਟ ਦੌਰਾਨ ਖੇਡ ਸੰਚਾਲਨ 'ਚ ਬਹੁਤ ਹੀ ਅਨੁਸਾਸਨ ਦੇਖਣ ਨੂੰ ਮਿਲਿਆ। ਸਾਰੇ ਮੈਚਾਂ ਦੌਰਾਨ ਖਿਡਾਰੀਆਂ, ਪ੍ਰਬੰਧਕਾਂ ਤੇ ਅੰਪਾਇਰਾਂ ਨੇ ਪੂਰਾ ਜਾਬਤਾ ਬਣਾਕੇ ਰੱਖਿਆ। ਟੀਮਾਂ ਨਾਲ ਮੈਚ ਦੌਰਾਨ ਸਿਰਫ ਕੋਚ ਤੇ ਮੈਨੇਜਰ (1-1) ਹੀ ਮੈਦਾਨ 'ਚ ਜਾ ਸਕਦੇ ਸਨ। ਇੱਕ ਖਿਡਾਰੀ ਚਿਕਨਾਈ ਵਾਲੀ ਚੀਜ ਲਗਾ ਕੇ ਖੇਡਣ ਆਇਆ ਤਾਂ ਉਸ ਨੂੰ ਇੱਕ ਮੈਚ ਨਹੀਂ ਖੇਡਣ ਦਿੱਤਾ ਗਿਆ। ਇੱਕ ਟੀਮ 'ਚ ਅੱਧੇ ਸਮੇਂ ਤੱਕ ਇੱਕ ਖਿਡਾਰੀ ਘੱਟ ਸੀ ਤਾਂ ਵਿਰੋਧੀ ਟੀਮ ਨੂੰ ਇੱਕ ਅੰਕ ਦਿੱਤਾ ਗਿਆ। ਦੋ ਨਾਮਵਰ ਖਿਡਾਰੀ ਮੈਚ 'ਚ ਦੇਰੀ ਨਾਲ ਆਏ ਤਾਂ ਉਨ੍ਹਾਂ ਨੂੰ ਮੈਚ ਦੇ ਪਹਿਲੇ ਅੱਧ ਦੌਰਾਨ ਖੇਡਣ ਨਹੀਂ ਦਿੱਤਾ ਗਿਆ। ਗੁਰੂ ਨਾਨਕ ਲੰਗਰ ਸੇਵਾ ਸੰਸਥਾ ਵੱਲੋਂ ਸਾਰਾ ਦਿਨ ਵੱਖ-ਵੱਖ ਪਕਵਾਨਾਂ ਵਾਲਾ ਗੁਰੂ ਕਾ ਲੰਗਰ ਲਗਾਇਆ ਗਿਆ। ਵਿਸੇਸ ਮਹਿਮਾਨਾਂ ਲਈ ਪ੍ਰਬੰਧਕਾਂ ਵੱਲੋਂ ਫਲਾਂ, ਸੁੱਕੇ ਮੇਵਿਆਂ, ਸਨੈਕਸ ਤੇ ਕੋਲਡ ਡਰਿੰਕਸ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਓਂਟਾਰੀਓ ਕਬੱਡੀ ਫੈਡਰੇਸਨ ਦੇ ਪ੍ਰਧਾਨ ਅਰਿੰਦਰ ਸਿੰਘ ਕਾਲਾ ਹਾਂਸ, ਜਨਰਲ ਸਕੱਤਰ ਮਨਜੀਤ ਘੋਤੜਾ ਤੇ ਚੇਅਰਮੈਨ ਜਸਵਿੰਦਰ ਸਰਾਏ ਨੇ ਸਭ ਪ੍ਰਬੰਧਕਾਂ, ਖਿਡਾਰੀਆਂ ਤੇ ਦਰਸਕਾਂ ਦਾ ਧੰਨਵਾਦ ਕੀਤਾ।
















ਗੱਲ ਤਾਂ ਹੈ ਈ ਪਰਦੇ ਦੀ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Info@twcoverings.com
Web: www.twcoverings.com
Timelesswindowcoverings
ਕਾਲ: 403 953 1000

# "ਗੱਲ ਘਰ-ਘਰ ਦੀ"

## ਬੈਂਕ ਔਫ ਕੈਨੇਡਾ ਦੇ ਵਿਆਜ ਵਾਧੇ ਮਗਰੋਂ ਬੈਂਕਾਂ ਨੇ ਮੌਰਗੇਜ ਦੀ ਪ੍ਰਾਇਮ ਦਰ 6.95% ਕੀਤੀ




ਬੈਂਕ ਔਫ਼ ਕੈਨੇਡਾ ਵੱਲੋਂ ਅਚਾਨਕ ਕੀਤੇ ਗਏ ਵਿਆਜ ਦਰ ਵਾਧੇ ਦੇ ਐਲਾਨ ਮਗਰੋਂ ਦੇਸ਼ ਦੇ ਸਾਰੇ ਵੱਡੇ ਬੈਂਕਾਂ ਨੇ ਆਪਣੀਆਂ ਪ੍ਰਾਇਮ ਵਿਆਜ ਦਰਾਂ 6.95% ਤੱਕ ਚੁੱਕ ਦਿੱਤੀਆਂ ਹਨ। ਆਰ.ਬੀ.ਸੀ., ਬੀ.ਐਮ.ਓ., ਸੀ.ਆਈ.ਬੀ.ਸੀ., ਐਨ.ਬੀ.ਸੀ., ਬੈਂਕ ਔਫ਼ ਨੋਵਾ ਸਕੋਸ਼ੀਆ (ਸਕੋਸ਼ੀਆ ਬੈਂਕ) - ਸਾਰਿਆਂ ਨੇ ਆਪਣੀਆਂ ਪ੍ਰਾਇਮ ਦਰਾਂ ਬੀਤੀ 8 ਜੂਨ ਤੋਂ 6.95% ਤੱਕ ਵਧਾ ਦਿੱਤੀਆਂ ਹਨ। ਦੂਜੇ ਲੈਂਡਰ (ਉਧਾਰ ਦੇਣ ਵਾਲੇ ਅਦਾਰੇ) ਵੀ ਇਸ ਦੀ ਤਿਆਰੀ ਵਿੱਚ ਹਨ।

ਪਿਛਲੇ ਸਾਲ ਮਾਰਚ ਤੋਂ ਲੈ ਕੇ ਬੈਂਕ ਔਫ਼ ਕੈਨੇਡਾ ਨੇ ਹੁਣ ਤੱਕ 9 ਵਾਰ ਵਿਆਜ ਦਰਾਂ ਵਧਾਈਆਂ ਹਨ ਤੇ ਬੈਂਕਾਂ ਦੀਆਂ ਵਿਆਜ ਪ੍ਰਾਇਮ ਦਰਾਂਵ 2.7 ਤੋਂ ਵਧ ਕੇ 6.95% 'ਤੇ ਆ ਗਈਆਂ ਹਨ। ਦੇਸ਼ ਭਰ ਵਿੱਚ ਵਿਆਜ ਦਰਾਂ ਦੇ ਵਾਧੇ ਮਗਰੋਂ ਘਰਾਂ ਵਾਸਤੇ ਲਏ ਜਾਣ ਵਾਲੇ ਕਰਜ਼ੇ ਦੀ ਮਾਤਰਾ 2003 ਤੋਂ ਬਾਦ ਪਹਿਲੀ ਬਾਰ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ। ਇਸ ਸਾਲ ਦੇ ਪਹਿਲੇ 3 ਮਹੀਨਿਆਂ ਦੌਰਾਨ ਕੈਨੇਡਾ ਭਰ ਵਿੱਚ 11.2 ਬਿਲੀਅਨ ਡਾਲਰ ਦੇ ਕਰਜ਼ੇ ਘਰਾਂ ਵਾਸਤੇ ਦਿੱਤੇ ਗਏ ਰਿਪੋਰਟ ਹੋਏ ਹਨ। ਉੱਧਾਰ ਲੈਣਾ ਬਹੁਤ ਮਹਿੰਗਾ ਹੋ ਗਿਆ ਹੋਣ ਕਰਕੇ ਇਸ ਵਿੱਚ ਕਮੀ ਦਰਜ ਕੀਤੀ ਜਾ ਰਹੀ ਹੈ।

**ਪਹਿਲੀ ਬਾਰ ਘਰ ਖ਼ਰੀਦਣ ਵਾਲੇ ਕੀ ਕਰਨ**

ਸਭ ਤੋਂ ਪਹਿਲਾਂ ਮੌਰਗੇਜ ਦੀ ਪ੍ਰੀ-ਐਪਰੂਵਲ ਹਾਸਲ ਕਰਨੀ ਚਾਹੀਦੀ ਹੈ। ਤੁਹਾਡੇ ਕੋਲ ਕਿੰਨੀ ਰਕਮ ਜਮ੍ਹਾਂ ਪੂੰਜੀ ਵਜੋਂ ਪਈ ਹੈ, ਉਹ ਬਹੁਤ ਮਹੱਤਵਪੂਰਨ ਹੈ। ਤੁਹਾਡੀ ਤੇ ਤੁਹਾਡੇ ਜੀਵਨ ਸਾਥੀ ਦੀ ਤਨਖਾਹ ਕਿੰਨੀ ਹੈ, ਉਸ ਉੱਪਰ ਵੀ ਤੁਹਾਡੀ ਮੌਰਗੇਜ ਨਿਰਭਰ ਕਰੇਗੀ। ਜੇ ਤੁਸੀਂ ਸੈਲਫ਼ ਐਂਪਲੌਇਡ (ਆਪਣਾ ਕਾਰੋਬਾਰ) ਹੋ ਤਾਂ ਪਹਿਲਾਂ ਪਤਾ ਕਰੋ ਕਿ ਤੁਸੀਂ ਕਿੰਨੀ ਕੀਮਤ ਵਾਲਾ ਘਰ ਖ਼ਰੀਦ ਸਕਦੇ ਹੋ।

ਕੁਝ ਲੋਕ (ਪਹਿਲੀ ਬਾਰ ਘਰ ਖ਼ਰੀਦਣ ਵਾਲਿਆਂ ਨੂੰ) ਕਹਿੰਦੇ ਹਨ ਕਿ ਜਿੰਨਾ ਖ਼ਰਚਾ ਤੁਸੀਂ ਕਿਰਾਏ ਦੇ ਮਕਾਨ ਦਾ ਦਿੰਦੇ ਹੋ, ਉਨੇ ਵਿੱਚ ਥੋੜ੍ਹੀ ਜਿਹੀ ਰਕਮ ਪਾ ਕੇ ਤੁਸੀਂ ਆਪਣੇ ਘਰ ਦੀ ਮੌਰਗੇਜ ਦੇ ਸਕਦੇ ਹੋ। ਇਹ ਅੱਧਾ ਅਧੂਰਾ ਸੱਚ ਹੈ। ਪੂਰਾ ਸੱਚ ਤਾਂ ਇਹ ਹੈ ਕਿ ਤੁਸੀਂ ਮੌਰਗੇਜ ਦੇ ਨਾਲ ਨਾਲ, ਬਿਲਾਂ ਦੀ ਅਦਾਇਗੀ ਵੀ ਕਰਨੀ ਹੈ, ਇੰਸ਼ੋਰੈਂਸ ਦਾ ਭੁਗਤਾਨ ਵੀ ਕਰਨਾ ਹੈ, ਵੀਅਰ ਐਂਡ ਟੀਅਰ (ਟੁੱਟ-ਭੱਜ, ਰਿਪੇਅਰ) ਦਾ ਬੋਝ ਵੀ ਚੁੱਕਣਾ ਹੈ। ਪ੍ਰੌਪਰਟੀ ਟੈਕਸ ਦਾ ਭੁਗਤਾਨ ਵੀ ਕਰਨਾ ਹੈ। ਕਿਰਾਏਦਾਰ ਹੋ ਕੇ ਤੁਸੀਂ ਸਿਰਫ਼ ਕਿਰਾਏ ਅਤੇ ਬਿਜਲੀ-ਪਾਣੀ ਦੇ ਖ਼ਰਚੇ ਦੇ ਕੁੱਝ ਹਿੱਸੇ ਦਾ ਭੁਗਤਾਨ ਕਰਦੇ ਹੋ। ਇਸ ਲਈ ਇਹਨਾਂ ਗੱਲਾਂ ਵਿੱਚ ਪੈਣ ਤੋਂ ਪਹਿਲਾਂ ਧਰਾਤਲ 'ਤੇ ਰਹਿ ਕੇ ਸੋਚੋ।

ਵਿਆਜ ਦਰਾਂ ਦੇ ਵਾਧੇ ਨੇ ਪਹਿਲੀ ਬਾਰ ਘਰ ਖ਼ਰੀਦਣ ਵਾਲਿਆਂ ਦੇ ਮਨਸੂਬਿਆਂ ਨੂੰ ਨੁਕਸਾਨ ਪਹੁੰਚਾਇਆ ਹੈ ਪਰ ਇਨਵੈਸਟਮੈਂਟ ਕਰਨ ਵਾਲਿਆਂ ਨੂੰ ਇਸ ਦਾ ਕੋਈ ਫ਼ਰਕ ਨਹੀਂ ਹੈ। ਮਕਾਨ ਮਾਲਕਾਂ ਨੇ ਪ੍ਰੌਪਰਟੀ ਟੈਕਸ ਦਾ ਵਾਧਾ, ਬਿਜਲੀ ਦਰਾਂ ਦਾ ਵਾਧਾ, ਮੌਰਗੇਜ ਦਰਾਂ ਵਿੱਚ ਵਾਧਾ - ਸਭ ਕੁੱਝ ਕਿਰਾਏਦਾਰਾਂ ਉੱਪਰ ਪਾ ਦਿੱਤਾ ਹੈ।

ਜੇਕਰ ਤੁਸੀਂ ਵੀ ਘਰ ਖ਼ਰਦਣਾ ਚਾਹੁੰਦੇ ਹੋ ਤਾਂ ਪਹਿਲਾਂ ਇਕ ਵਾਰ ਮੇਰੇ ਨਾਲ ਸਲਾਹ-ਮਸ਼ਵਰਾ ਕਰ ਲਉ। ਮੈਂ ਤੁਹਾਡੇ ਨਾਲ ਤੁਹਾਡੀਆਂ ਲੋੜਾਂ ਅਤੇ ਜ਼ਰੂਰਤਾਂ ਦਾ ਸਹੀ ਅੰਦਾਜ਼ਾ ਲਗਾ ਕੇ ਤੁਹਾਨੂੰ ਸਹੀ ਸਲਾਹ ਦੇਵਾਂਗਾ। ਇਸ ਦਾ ਕੋਈ ਮੁੱਲ ਨਹੀਂ ਹੈ - ਭਾਵ ਸਲਾਹ ਮਸ਼ਵਰਾ ਮੁਫ਼ਤ ਵਿੱਚ ਹੈ।

**ਅਮਿਤੇਸ਼ਵਰ (ਅਮੂ) ਨਾਗਰ**

## ਕਲੀਨ ਐਨਰਜੀ ਇਕੌਨਮੀ ਹੀ ਇਸ ਦਹਾਕੇ ਦੇ ਮੁੱਕਣ ਤੋਂ ਪਹਿਲਾਂ 400,000 ਨੌਕਰੀਆਂ ਪੈਦਾ ਕਰਨ ਦੇ ਸਮਰੱਥ ਹੈ।

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਨਵੀਆਂ ਨੌਕਰੀਆਂ ਸਿਰਜਣ ਤੇ ਨੌਕਰੀਆਂ ਦੀ ਹਿਫਾਜ਼ਤ ਕਰਨ ਲਈ ਲਿਬਰਲਾਂ ਵੱਲੋਂ ਸਸਟੇਨੇਬਲ ਜੌਬਜ਼ ਬਿੱਲ ਪੇਸ਼ ਕੀਤਾ ਗਿਆ। ਨੈਚੂਰਲ ਰਿਸੋਰਸਿਜ਼ ਮੰਤਰੀ ਜੌਨਾਥਨ ਵਿਲਕਿੰਸਨ ਨੇ ਆਖਿਆ ਕਿ ਇਹ ਨਵਾਂ ਬਿੱਲ, ਨਵੀਆਂ ਨੌਕਰੀਆਂ ਲਿਆਉਣ ਤੇ ਪਹਿਲਾਂ ਤੋਂ ਹੀ ਮੌਜੂਦ ਨੌਕਰੀਆਂ ਦੀ ਹਿਫਾਜ਼ਤ ਕਰਨ ਵਾਸਤੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਲੀਨ ਐਨਰਜੀ ਅਰਥਚਾਰੇ ਵੱਲ ਮੁਹਾਰ ਪਹਿਲਾਂ ਹੀ ਮੁੜ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਸ ਦਾ ਮਤਲਬ ਕੈਨੇਡਾ ਦੀ ਤੇਲ ਤੇ ਗੈਸ ਇੰਡਸਟਰੀ ਨੂੰ ਬੰਦ ਕਰ ਦੇਣਾ ਨਹੀਂ ਹੈ। ਇੱਕ ਇੰਟਰਵਿਊ ਵਿੱਚ ਵਿਲਕਿੰਸਨ ਨੇ ਆਖਿਆ ਕਿ ਦੋਵਾਂ ਨੂੰ ਨਾਲੋ ਨਾਲ ਚਲਾਉਣ ਦਾ ਕੈਨੇਡਾ ਕੋਲ ਦਮ ਹੈ ਪਰ ਫੌਸਿਲ ਫਿਊਲ ਸੈਕਟਰ ਉਸ ਸੂਰਤ ਵਿੱਚ ਹੀ ਚੱਲਦਾ ਰਹਿ ਸਕਦਾ ਹੈ ਬਸ਼ਰਤੇ ਉਹ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਖ਼ਤਮ ਕਰਨ ਲਈ ਤੇਲ ਤੇ ਗੈਸ ਨੂੰ ਕੱਢਣ ਤੇ ਰਿਫਾਈਨ ਕਰਨ ਲਈ ਤਕਨਾਲੋਜੀ ਵਿੱਚ ਵੱਡਾ ਨਿਵੇਸ਼ ਕਰੇ। ਇਸ ਨਾਲ ਹੀ ਨਵੀਂਆਂ ਨੌਕਰੀਆਂ ਲਈ ਰਾਹ ਖੁੱਲ੍ਹ ਜਾਣਗੇ। ਉਨ੍ਹਾਂ ਆਖਿਆ ਕਿ ਮੁੜ ਨੰਵਿਆਈ ਜਾ ਸਕਣ ਵਾਲੀ ਐਨਰਜੀ ਦੇ ਖੇਤਰ ਵਿੱਚ ਵੀ ਨੌਕਰੀਆਂ ਦੀ ਭਰਮਾਰ ਹੈ। ਸਰਕਾਰ ਦਾ ਕਹਿਣਾ ਹੈ ਕਿ ਕਲੀਨ ਐਨਰਜੀ ਇਕੌਨਮੀ ਹੀ ਇਸ ਦਹਾਕੇ ਦੇ ਮੁੱਕਣ ਤੋਂ ਪਹਿਲਾਂ 400,000 ਨੌਕਰੀਆਂ ਪੈਦਾ ਕਰਨ ਦੇ ਸਮਰੱਥ ਹੈ।


## ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ

ਪੰਜਾਬੀ ਭਾਸ਼ਾ ਦੇ ਵਿਕਾਸ ਦੇ ਸਨਮੁੱਖ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਇਸ ਸਮਾਗਮ ਦਾ ਕੇਂਦਰ ਬਿੰਦੂ ਹੋਵੇਗਾ।

ਸ਼ਾਨਦਾਰ ਕਵੀ ਦਰਬਾਰ ਦੇ ਨਾਲ਼ ਨਾਲ਼ ਬੱਚਿਆਂ ਦੇ ਪੰਜਾਬੀ ਉਚਾਰਨ ਅਤੇ ਭਾਸ਼ਨ ਵੀ ਹੋਣਗੇ

ਪੰਜਾਬੀ ਦੇ ਸੁਪ੍ਰਸਿੱਧ ਬਰਾਡਕਾਸਟਰ ਅਤੇ ਲੇਖਕ ਇਕਬਾਲ ਮਾਹਲ ਦਾ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨ

24 ਜੂਨ, 2023
ਦਿਨ ਸ਼ਨਿੱਚਰਵਾਰ
ਬਾਅਦ ਦੁਪਹਿਰ
1:00 ਵਜੇ
ਟੈਂਪਲ ਕਮਿਊਨਟੀ ਹਾਲ
167 ਟੈਂਪਲ ਗਰੀਨ ਰੋਡ
ਨੌਰਥ ਈਸਟ, ਕੈਲਗਰੀ



24 June, 2023
Saturday
1:00 pm
in
Temple Community Hall
167 Temple Green Rd. NE
Calgary Alberta
Canada

ਇਸ ਸਮਾਗਮ ਵਿੱਚ ਐਡਮਿੰਟਨ ਤੋਂ ਪੀ. ਆਰ. ਕਾਲੀਆ (ਐਡੀਟਰ ਏਸ਼ੀਅਨ ਅਖ਼ਬਾਰ), ਦਲਬੀਰ ਸਾਂਗਿਆਨ, ਐੱਮ. ਐੱਲ. ਏ. ਜਸਬੀਰ ਦਿਉਲ, ਨਵਤੇਜ ਬੈਂਸ, ਜੋਗਿੰਦਰ ਰੰਧਾਵਾ, ਬਖਸ਼ ਸੰਘਾ, ਕਿਰਤਮੀਤ ਕੋਹਾੜ, ਸਵਿੰਦਰ ਸਿੰਘ (ਸੰਨੀ) ਧਾਲੀਵਾਲ ਅਤੇ ਰਵੀ ਸੰਧੂ ਤੋਂ ਇਲਾਵਾ ਕਨੇਡਾ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਵਿਦਵਾਨ ਸ਼ਾਮਲ ਹੋ ਰਹੇ ਹਨ।

ਇਸ ਮੌਕੇ ਅਰਪਨ ਲਿਖਾਰੀ ਸਭਾ ਵਲੋਂ ਮਿਆਰੀ ਅਤੇ ਅਗਾਂਹ-ਵਧੂ ਪੰਜਾਬੀ ਸਾਹਿਤ ਦੀ ਪੁਸਤਕ ਪ੍ਰਦਰਸ਼ਨੀ ਵੀ ਲਾਈ ਜਾਵੇਗੀ

*Thanks to our Sponsors and Punjabi Media*

We appreciate all of your support and hope that jointly we can continue our efforts in developing the Punjabi language (Maa Boli) and keeping it alive for the generations to come.

| | | |
|---|---|---|
| Bal Bains | Harcharn S. Parhar | Pali Virk |
| Baldev S. Dhah | Dr. Jaswinder Singh Bains | Paul Ghataura |
| Bakhtawar S. Basra | Joginder S. Dhadda | Ram Auto |
| Daljit S. Hoonjan | Kartar S. Bhatia | Ranjit S. Sidhu/Gurinder S. |
| Gary Dhanjal | Kuljit Mann & Jasvir Mann | Reliance Legal Group LLP |
| Gurinder S. Dhah | Laddi Boparai | Rupinder Deol |
| Gurmit S. Dhah | Parminder Kang | |

ਸਾਰੇ ਪੰਜਾਬੀ ਭਾਈਚਾਰੇ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ (ਚਾਹ ਪਾਣੀ ਦਾ ਖ਼ਾਸ ਪ੍ਰਬੰਧ ਹੋਵੇਗਾ)

Sikh Virsa, Radio Sur Sangam, Red FM Radio, Punjabi National, Lok Awaaz, Parvasi Punjabi, Asian Times, Radio Punjabi Link, Radio Sabrang, Jag Punjabi TV, Lok Sath, Desh Videsh Times, Des Pardes Times, Hamdard, Indo Canadian Times, Navi Dunyia, Punjabi Akhbaar.

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਜੋਗਾ ਸਿੰਘ ਸਹੋਤਾ: 403-207-4412 ਜਸਵੰਤ ਸਿੰਘ ਸੇਖੋਂ: 403-681-3132





ਕੈਲਗਰੀ ਵਿੱਚ ਸਾਂਝਾ ਪੰਜਾਬ ਗਰੋਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


ਇਹਨਾਂ ਛੋਟੀਆਂ ਚੀਜਾਂ ਦਾ ਆਨੰਦ ਮਾਣੋ
ਨਵੀਆਂ ਲਾਟਾਂ
ਹੁਣ ਵੇਚ ਰਹੇ ਹਾਂ
Ambleton
A Qualico Community
ਕੈਲਗਰੀ ਦਾ ਨਵਾਂ ਉੱਤਰੀ ਏਰੀਆ
ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਵਿੱਚ ਇੱਧਰ ਉੱਧਰ ਜਾਣ ਲਈ ਆਸਾਨ ਬਣਾਉਂਦੇ ਹਨ। ਐਂਬਲਟਨ ਕੋਲ ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ-ਨਾਲ, ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।
ਲੇਨਡ ਹੋਮ
ਫਰੰਟ ਗੈਰਾਜ ਹੋਮ
ਆਪਣੇ ਸੁਪਨਿਆਂ ਦਾ ਘਰ
ਸ਼ਾਡੇ ਇੱਕ ਇਨਾਮ ਜੇਤੂ ਬਿਲਡਿਰ ਕੋਲੋਂ ਬਣਾਓ
· Shane Homes · Sterling Homes
· Trico Homes · Broadview Homes · Jayman Built
ਅਗਲੇ ਫੇਸ ਲਈ ਸਾਈਨ ਕਰੋ
liveinambleton.com
403-801-1340
customercare@qualicocommunities.com
160 ਏਕੜ
1200+ ਘਰ
7 ਫੇਸ
ਨਵੀਆਂ ਪਾਰਕਾਂ ਹੁਣ ਖੁੱਲ ਗਈਆਂ ਹਨ
ਹਾਈ ਸਕੂਲ ਭਵਿੱਖੀ ਯੋਜਨਾ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Caĺgary (AB)




# ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

**ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਵਾਲੇ ਸਿੰਗਲ ਫੈਮਿਲੀ ਹੋਮ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਕੀਮਤ ਨਾਲ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਵੀ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਦੀ ਕਾਨੂੰਨੀ ਆਮਦਨ ਸੂਇਟ (ਬੇਸਮੈਂਟ) ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Bathroom


Bonus Room


Legal Income Suite

## ਐਵਾਰਡ ਜੇਤੂ ਟਾਊਨਹੋਮਸ

ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਕਾਪਰਫੀਲਡ ਦੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ। ਇਹੀ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**ਸਿਰਫ 4 ਲੱਖ ਤੋਂ ਘੱਟ ਕੀਮਤ ਵਿੱਚ ਹੀ ਘਰ ਦੇ ਮਾਲਕ ਬਣੋ!**

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!**



**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# 15-16 ਜੁਲਾਈ ਨੂੰ ਰੀਜਾਇਨਾ ਵਿਖੇ ਭਾਰਤੀ ਕੌਂਸਲੇਟ ਦੇ ਅਧਿਕਾਰੀ ਵਿਸ਼ੇਸ਼ ਕੈਂਪ ਲਗਾਉਣਗੇ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਹਾਈ ਕਮਿਸ਼ਨਰ ਆਫ ਇੰਡੀਆ ਸ੍ਰੀ ਸੰਜੇ ਕੁਮਾਰ ਵਰਮਾ ਅਤੇ ਕੌਂਸਲੇਟ ਜਨਰਲ ਆਫ ਇੰਡੀਆ ਵੈਨਕੋਵਰ ਆਫਿਸ ਸ੍ਰੀ ਮਨੀਸ਼ ਜੀ 16 ਜੂਨ ਨੂੰ ਗੁਰੂ ਘਰ ਆਕੇ ਨਤਮਸਤਕ ਹੋਏ ਜਿੱਥੇ ਗੁਰੂ ਘਰ ਦੀ ਪਰਬੰਧਕੀ ਕਮੇਟੀ ਨੇ ?ਹਨਾ ਨੂੰ ਸਨਮਾਨਿਤ ਕੀਤਾ । ਇਸ ਮੌਕੇ ਉਹਨਾ ਨੇ ਸੰਗਤ ਨੂੰ ਸੰਬੋਧਨ ਵੀ ਕੀਤਾ । ਰੀਜਾਇਨਾ ਦੇ ਪਹਿਲੇ ਸਿੱਖ ਐਮ ਐਲ ਏ ਸੁਰਿੰਦਰ ਸਿੰਘ ਗਰੇਵਾਲ ਵੀ ਇਸ ਮੌਕੇ ਹਾਜਿਰ ਸਨ ।ਸਥਾਨਿਕ ਰੀਜਾਇਨਾ ਵਾਸੀਆਂ ਨੇ ਮੰਗ ਰੱਖੀ ਕਿ ਹੁਣ ਇੱਥੇ ਭਾਰਤੀ ਭਾਈਚਾਰੇ ਦੀ ਬਹੁ-ਗਿਣਤੀ ਵਸੋਂ ਹੋ ਗਈ ਹੈ ਇਸ ਲਈ ਹੁਣ ਭਾਰਤੀ ਕੌਂਸਲੇਟ ਦਾ ਇੱਕ ਆਫਿਸ ਰੀਜਾਇਨਾ ਵਿਖੇ ਵੀ ਬਣਾਇਆ ਜਾਣਾ ਚਾਹੀਦਾ ਹੈ । ਹਾਈ ਕਮਿਸ਼ਨਰ ਆਫ ਇੰਡੀਆ ਸ੍ਰੀ ਸੰਜੇ ਕੁਮਾਰ ਵਰਮਾ ਨੇ ਇਸ ਸਬੰਧੀ ਹਾਂ ਪੱਖੀ ਹੁੰਗਾਰਾ ਭਰਿਆ ।ਉਹਨਾਂ ਕਿਹਾ ਕਿ ਜਦੋਂ ਵੀ ਟੈਂਡਰ ਖੁਲੇ ਤਾਂ ਰੀਜਾਇਨਾ ਆਫ਼ਿਸ ਵੀ ਖੋਲ ਦਿੱਤਾ ਜਾਵੇਗਾ। ਆਉਣ ਵਾਲੀ 15 ਅਤੇ 16 ਜੁਲਾਈ 2023 ਨੂੰ ਰੀਜਾਇਨਾ ਵਿਖੇ ਇੱਕ ਕੈਂਪ ਵੀ ਲਗਾਇਆ ਜਾਵੇਗਾ ਜਿਸ ਦੌਰਾਨ ਓ ਸੀ ਆਈ ਕਾਰਡ, ਅਤੇ ਭਾਰਤੀ ਵੀਜ਼ਾ ਸਬੰਧੀ ਦਰਪੇਸ਼ ਮੁਸਕਿਲਾਂ ਦਾ ਨਿਪਟਾਰਾ ਕੀਤਾ ਜਾਵੇਗਾ।

# ਗੁਰਬਾਣੀ ਵਿਵਾਦ ਨੂੰ ਅਕਾਲੀ ਦਲ ਨੇ ਦੱਸਿਆ ਖ਼ਾਲਸਾ ਪੰਥ ’ਤੇ ਹਮਲਾ, ਭਾਜਪਾ ਵੱਲੋਂ ਵੀ ਵਿਰੋਧ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਮੁਫ਼ਤ ਗੁਰਬਾਣੀ ਪ੍ਰਸਾਰਣ ਲਈ ਸਿੱਖ ਗੁਰਦੁਆਰਾ ਐਕਟ 1925 ’ਚ ਸੋਧ ਕਰਨ ਦਾ ਐਲਾਨ ਕੀਤਾ ਹੈ। ਇਸ ਐਲਾਨ ਨਾਲ ਵਿਰੋਧੀ ਪਾਰਟੀਆਂ ਨੇ ਮੁੱਖ ਮੰਤਰੀ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇਸ ਨੂੰ ਖ਼ਾਲਸਾ ਪੰਥ ’ਤੇ ਹਮਲਾ ਕਰਾਰ ਦਿੱਤਾ, ਇਸ ਲਈ ਭਾਰਤੀ ਜਨਤਾ ਪਾਰਟੀ ਦੇ ਆਗੂ ਤਰੁਣ ਚੁੱਘ ਨੇ ਕਿਹਾ ਕਿ ਇਹ ਸੋਧ ਕਰਨਾ ਪੰਜਾਬ ਸਰਕਾਰ ਦੇ ਹੱਥ ’ਚ ਨਹੀਂ। ਇਸ ਸਬੰਧੀ ਮੁੱਖ ਮੰਤਰੀ ਦੇ ਟਵੀਟ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਮੁੱਖ ਮੰਤਰੀ ਨੇ ਕਿਹਾ ਹੈ ਕਿ ਇੱਕ ਇਤਿਹਾਸਕ ਫ਼ੈਸਲਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਪਵਿੱਤਰ ਗੁਰਬਾਣੀ ਦੇ ਮੁਫ਼ਤ ਪ੍ਰਸਾਰਣ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਿੱਖ ਗੁਰਦੁਆਰਾ ਐਕਟ-1925 ’ਚ ਸੋਧ ਕਰੇਗੀ। ਇਸ ਸਬੰਧੀ ਪ੍ਰਸਤਾਵ ਬੀਤੀ 19 ਜੂਨ (ਸੋਮਵਾਰ) ਨੂੰ ਹੋਣ ਵਾਲੀ ਕੈਬਨਿਟ ਮੀਟਿੰਗ ’ਚ ਪਾਸ ਕੀਤਾ ਗਿਆ।ਉੱਥੇ ਹੀ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਸਿੱਖ ਗੁਰਦੁਆਰਾ ਐਕਟ-1925 ’ਚ ਸੋਧ ਨਹੀਂ ਕਰ ਸਕਦੀ ਕਿਉਂਕਿ ਇਹ ਇੱਕ ਕੇਂਦਰੀ ਐਕਟ ਹੈ ਅਤੇ ਕੋਈ ਵੀ ਰਾਜ ਸਰਕਾਰ ਕਿਸੇ ਕੇਂਦਰੀ ਐਕਟ ’ਚ ਸੋਧ ਨਹੀਂ ਕਰ ਸਕਦੀ। ਦੂਜੇ ਪਾਸੇ ਜੇਕਰ ਸਰਕਾਰ ਕੋਈ ਪ੍ਰਸਤਾਵ ਲੈ ਕੇ ਆਉਂਦੀ ਹੈ ਤਾਂ ਉਸ ਪ੍ਰਸਤਾਵ ਦੀ ਕਾਨੂੰਨੀ ਅਹਿਮੀਅਤ ਨਹੀਂ ਰਹਿੰਦੀ।ਦੂਜੇ ਪਾਸੇ ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਕੇਜਰੀਵਾਲ ਵਲੋਂ ਆਪ ਸਰਕਾਰ ਦੇ ਮੁੱਖ ਮੰਤਰੀ ਵਲੋਂ ਪਵਿੱਤਰ ਗੁਰਬਾਣੀ ਬਾਰੇ ਐਲਾਨ ਕਰਨਾ ਖ਼ਾਲਸਾ ਪੰਥ ਤੇ ਸਿੱਖ ਗੁਰਧਾਮਾਂ ’ਤੇ ਸਿੱਧਾ ਸਰਕਾਰੀ ਹਮਲਾ ਹੈ। ਇਹ ਘਿਨੌਣਾ ਫ਼ੈਸਲਾ ਸਰਕਾਰ ਵਲੋਂ ਸਿੱਖ ਕੌਮ ਦੇ ਗੁਰਬਾਣੀ ਪ੍ਰਚਾਰ ਦੇ ਅਧਿਕਾਰ ਨੂੰ ਖੋਹ ਕੇ ਗੁਰੂਧਾਮਾਂ ’ਤੇ ਕਬਜ਼ਾ ਕਰਨ ਦਾ ਪਹਿਲਾ ਖ਼ਤਰਨਾਕ ਤੇ ਦਲੇਰਾਨਾ ਕਦਮ ਹੈ। ਇਸ ਫ਼ੈਸਲੇ ਨੇ ਸ੍ਰੀ ਹਰਿਮੰਦਰ ਸਾਹਿਬ ’ਤੇ ਮੁਗਲਾਂ, ਅੰਗਰੇਜ਼ਾਂ ਅਤੇ ਇੰਦਰਾ ਗਾਂਧੀ ਵਲੋਂ ਕੀਤੇ ਜ਼ੁਲਮ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਪਰ ਖ਼ਾਲਸਾ ਪੰਥ ਮੂੰਹ ਤੋੜਵਾਂ ਜਵਾਬ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇੱਕ ਗੱਲ ਹੋਰ ਵੀ ਸਪੱਸ਼ਟ ਹੋ ਗਈ ਹੈ। ਕੱਲ੍ਹ ਤਕ ਸ਼੍ਰੋਮਣੀ ਅਕਾਲੀ ਦਲ ਵਲੋਂ ਸਿੱਖ ਕੌਮ ਨੂੰ ਵਾਰ-ਵਾਰ ਦਿੱਤੀਆਂ ਜਾ ਰਹੀਆਂ ਚਿਤਾਵਨੀਆਂ ਨੂੰ ਸਿਰਫ਼ ਸਿਆਸੀ ਦੱਸਦੇ ਸਨ, ਸਿੱਖ ਗੁਰੂਘਰਾਂ ’ਤੇ ਸਿੱਧੇ ਤੌਰ ’ਤੇ ਕਬਜ਼ਾ ਕਰਨ ਦੀਆਂ ਸਰਕਾਰਾਂ ਕੋਝੀਆਂ ਸਾਜ਼ਿਸ਼ਾਂ ਰਚ ਰਹੀਆਂ ਹਨ।ਉੱਥੇ ਹੀ ਭਾਜਪਾ ਆਗੂ ਸੁਨੀਲ ਜਾਖੜ ਦਾ ਕਹਿਣਾ ਹੈ, “ਮਾਨ ਸਾਹਿਬ, ਗੁਰੂ ਘਰ ਜਾ ਕੇ ਮੱਥਾ ਟੇਕੀਦਾ ਹੈ, ਮੱਥਾ ਲਾਈਦਾ ਨਹੀਂ।” ਉਨ੍ਹਾਂ ਕਿਹਾ, “ਮੈਂ ਇਸ ਗੱਲ ਦੇ ਹੱਕ ’ਚ ਹਾਂ ਕਿ ਗੁਰਬਾਣੀ ’ਤੇ ਕਿਸੇ ਇੱਕ ਦਾ ਹੱਕ ਨਹੀਂ ਹੋਣਾ ਚਾਹੀਦਾ ਪਰ ਜਿਸ ਤਰ੍ਹਾਂ ਤੁਸੀਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਸਿੱਖਾਂ ਦੇ ਧਾਰਮਿਕ ਮਾਮਲਿਆਂ ’ਚ ਦਖ਼ਲਅੰਦਾਜ਼ੀ ਕਰ ਰਹੇ ਹੋ, ਉਹ ਨਿੰਦਣਯੋਗ ਹੈ। ਵੈਸੇ ਵੀ, ਤੁਸੀਂ ਇਸ ਐਕਟ ’ਚ ਸੋਧ ਨਹੀਂ ਕਰ ਸਕਦੇ ਕਿਉਂਕਿ ਇਹ ਤੁਹਾਡੇ ਅਧਿਕਾਰ ਖੇਤਰ ’ਚ ਨਹੀਂ।”














